ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 05-09-2026 • Vol.44 No.36 • M. 90410-14575 • Page 16

E-mail : khetiduniyan1983@gmail.com



Crop® Chemicals

ਬਿਹਤਰ ਗੁਣਵੱਤਾ ਬਿਹਤਰ ਫਸਲ

CONTACT: 8288014051 | 9216103075 | 9216103089


## ਕਣਕ ਦੀ ਨਵੀਂ ਕਿਸਮ

# ਪੀ.ਬੀ.ਡਬਲਯੂ.-887

ਪੰਜਾਬ ਵਿੱਚ 2025-26 ਦੇ ਹਾੜ੍ਹੀ ਸੀਜ਼ਨ ਦੌਰਾਨ ਰਾਜ ਵਿੱਚ ਲਗਭਗ 3.49 ਮਿਲੀਅਨ ਹੈਕਟੇਅਰ ਰਕਬੇ ਵਿੱਚ ਕਣਕ ਦੀ ਕਾਸ਼ਤ ਕੀਤੀ ਗਈ ਅਤੇ 5,063 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੀ ਔਸਤ ਪੈਦਾਵਾਰ ਦਰਜ ਕੀਤੀ ਗਈ। ਲਗਭਗ 177 ਲੱਖ ਟਨ ਦੇ ਅਨੁਮਾਨਿਤ ਉਤਪਾਦਨ ਨਾਲ ਪੰਜਾਬ ਨੇ ਭਾਰਤ ਦੀ ਖੁਰਾਕ ਸੁਰੱਖਿਆ ਮਜ਼ਬੂਤ ਕਰਨ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ



ਨਿਭਾਈ ਹੈ। 2025-26 ਵਿੱਚ ਕੇਂਦਰੀ ਪੂਲ ਵਿੱਚ ਕੁੱਲ ਖਰੀਦੀ ਗਈ ਕਣਕ ਵਿੱਚ ਪੰਜਾਬ ਦਾ ਹਿੱਸਾ ਲੱਗਭੱਗ 34% ਰਿਹਾ ਅਤੇ ਰਾਜ ਵਿੱਚ ਲਗਭਗ 123 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ।

ਕਣਕ ਦੀ ਉਤਪਾਦਕਤਾ ਵਿੱਚ ਇਹ ਮਹੱਤਵਪੂਰਨ ਵਾਧਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਵਿਕਸਿਤ ਕੀਤੀਆਂ ਉੱਚ ਉਪਜ ਵਾਲੀਆਂ ਅਤੇ ਸੁਧਰੀਆਂ ਕਿਸਮਾਂ, ਜਿਵੇਂ ਪੀ. ਬੀ. ਡਬਲਯੂ.-826 ਅਤੇ ਪੀ. ਬੀ. ਡਬਲਯੂ.-872 ਨੂੰ ਅਪਣਾਉਣ ਨਾਲ ਸੰਭਵ ਹੋਇਆ ਹੈ। ਇਸ ਸਫਲਤਾ ਨੂੰ ਅੱਗੇ ਵਧਾਉਂਦਿਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜਾਬ ਲਈ ਕਣਕ ਦੀ ਨਵੀਂ ਕਿਸਮ ਪੀ. ਬੀ. ਡਬਲਯੂ.-887 ਵਿਕਸਿਤ ਕੀਤੀ ਹੈ।

ਪੀ. ਬੀ. ਡਬਲਯੂ.-887 ਨੂੰ 2026 ਵਿੱਚ ਪੰਜਾਬ ਵਿੱਚ ਸਮੇਂ ਸਿਰ ਬਿਜਾਈ ਅਤੇ ਸੇਂਜੂ ਹਾਲਤਾਂ ਲਈ ਬਿਜਾਈ ਵਾਸਤੇ ਸਿਫਾਰਿਸ਼ ਕੀਤਾ ਗਿਆ ਹੈ। ਵੱਖ-ਵੱਖ ਸਾਲਾਂ ਦੌਰਾਨ ਕੀਤੇ ਗਏ ਤਜਰਬਿਆਂ ਵਿੱਚ ਇਸ ਕਿਸਮ ਨੇ ਪ੍ਰਚੱਲਿਤ ਕਿਸਮਾਂ ਨਾਲੋਂ ਲਗਾਤਾਰ ਵੱਧ ਉਪਜ ਦਰਸਾਈ। ਇਸ ਦਾ ਝਾੜ ਪੀ. ਬੀ. ਡਬਲਯੂ.-872 ਨਾਲੋਂ 1.4%, ਪੀ. ਬੀ. ਡਬਲਯੂ.-826 ਨਾਲੋਂ 3.8% ਅਤੇ ਡੀ. ਬੀ. ਡਬਲਯੂ.-222 ਨਾਲੋਂ 12.5% ਵੱਧ ਰਿਹਾ।

ਇਹ ਕਿਸਮ ਲਗਭਗ 105 ਦਿਨਾਂ ਵਿੱਚ (101-108 ਦਿਨ) ਸਿੱਟੇ ਕੱਢਣ ਦੀ ਅਵਸਥਾ 'ਤੇ ਪਹੁੰਚਦੀ ਹੈ ਅਤੇ ਲਗਭਗ 155 ਦਿਨਾਂ ਵਿੱਚ (150-158 ਦਿਨ) ਪੱਕ ਜਾਂਦੀ ਹੈ। ਇਸ ਕਿਸਮ ਦੀ ਔਸਤ ਉੱਚਾਈ ਲਗਭਗ 102 ਸੈਂਟੀਮੀਟਰ (98-104 ਸੈਂਟੀਮੀਟਰ) ਹੈ। ਇਸ ਦੀ ਮਜ਼ਬੂਤ ਪੌਦਾ ਬਣਤਰ ਫ਼ਸਲ ਦੇ ਡਿੱਗਣ (ਲੋਜਿੰਗ) ਦੇ ਖਤਰੇ ਨੂੰ ਘਟਾਉਣ ਵਿੱਚ ਸਹਾਇਕ ਹੈ। ਪੀ. ਬੀ. ਡਬਲਯੂ.-887 ਵਿੱਚ ਟਿਲਰਿੰਗ ਸਮਰੱਥਾ, ਪੱਤੇ ਸਿੱਧੇ ਅਤੇ ਗੂੜ੍ਹੇ ਹਰੇ ਰੰਗ ਦੇ ਹੁੰਦੇ ਹਨ।

ਪੀ. ਬੀ. ਡਬਲਯੂ.-887 ਕਿਸਮ ਦੇ ਦਾਣੇ ਮੋਟੇ ਅਤੇ ਆਕਰਸ਼ਕ ਹੁੰਦੇ ਹਨ ਅਤੇ 1000 ਦਾਣਿਆਂ ਦਾ ਭਾਰ 42-48 ਗ੍ਰਾਮ (ਔਸਤ 44 ਗ੍ਰਾਮ) ਹੁੰਦਾ ਹੈ। ਇਸ ਦਾ ਟੈਸਟ ਵਜ਼ਨ 79.2 ਕਿਲੋਗ੍ਰਾਮ ਪ੍ਰਤੀ ਹੈਕਟੋਲੀਟਰ ਅਤੇ ਦਾਣੇ ਦੀ ਦਿੱਖ ਦਾ ਸਕੋਰ 6.5 ਹੈ। ਇਹ ਗੁਣ ਵਧੀਆ ਮਿਲਿੰਗ ਰਿਕਵਰੀ ਵਿੱਚ ਸਹਾਇਕ ਹੁੰਦੇ ਹਨ। ਪੀ. ਬੀ. ਡਬਲਯੂ.-887 ਪੀਲੀ ਕੁੰਗੀ ਅਤੇ ਭੂਰੀ ਕੁੰਗੀ ਪ੍ਰਤੀ ਦਰਮਿਆਨੀ ਰੋਧਕਤਾ ਰੱਖਦੀ ਹੈ। ਇਸ ਕਿਸਮ ਵਿੱਚ ਕਰਨਾਲ ਬੰਟ ਪ੍ਰਤੀ ਵੀ ਦਰਮਿਆਨੀ ਰੋਧਕਤਾ ਹੈ।

ਪੀ. ਬੀ. ਡਬਲਯੂ.-887 ਦਾ ਔਸਤ ਝਾੜ 24.6 ਕੁਇੰਟਲ ਹੈ ਅਤੇ ਇਹ ਕਿਸਮ ਉੱਚ ਉਪਜ, ਉੱਤਮ ਦਾਣਾ ਗੁਣਵੱਤਾ ਅਤੇ ਰੋਗਾਂ ਪ੍ਰਤੀ ਸਹਿਣਸ਼ੀਲਤਾ ਵਰਗੇ ਗੁਣਾਂ ਦਾ ਸੁਮੇਲ ਹੈ। ਪੀ. ਬੀ. ਡਬਲਯੂ.-887 ਦਾ ਬੀਜ ਸਤੰਬਰ 2026 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵੱਖ-ਵੱਖ ਖੋਜ ਕੇਂਦਰਾਂ ਤੇ ਹੋਣ ਵਾਲੇ ਕਿਸਾਨ ਮੇਲਿਆਂ ਵਿੱਚ ਉਪਲੱਬਧ ਹੋਵੇਗਾ। ਬੀਜ 40 ਕਿਲੋਗ੍ਰਾਮ ਪ੍ਰਤੀ ਬੈਗ ਦੀ ਪੈਕਿੰਗ ਵਿੱਚ ਦਿੱਤਾ ਜਾਵੇਗਾ, ਜਿਸ ਨਾਲ ਕਿਸਾਨ ਇਸ ਨਵੀਂ ਜਾਰੀ ਕੀਤੀ ਗਈ ਕਣਕ ਦੀ ਕਿਸਮ ਦਾ ਪ੍ਰਮਾਣਿਤ ਬੀਜ ਪ੍ਰਾਪਤ ਕਰ ਸਕਣਗੇ।


**ਪੂਜਾ ਸ਼੍ਰੀਵਾਸਤਵਾ, ਗਗਨਦੀਪ ਸਿੰਘ ਅਤੇ ਸਤਿੰਦਰ ਸਿੰਘ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 90413-11227)**


# ਜੂਨ ਦੇ ਪਹਿਲੇ ਹਫਤੇ ਲੱਗਿਆ ਝੋਨਾ ਕਟਾਈ ਲਈ ਤਿਆਰ

ਪੰਜਾਬ ਸਰਕਾਰ ਵੱਲੋਂ ਜਿਨ੍ਹਾਂ ਅੱਠ ਜ਼ਿਲ੍ਹਿਆਂ ਵਿੱਚ ਝੋਨੇ ਦੀ ਲਵਾਈ 1 ਜੂਨ ਤੋਂ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ, ਉਨ੍ਹਾਂ ਦੇ ਵੱਡੀ ਗਿਣਤੀ ਕਿਸਾਨਾਂ ਦਾ ਝੋਨਾ ਹੁਣ ਪੱਕਣ ਕਿਨਾਰੇ ਪਹੁੰਚ ਗਿਆ ਹੈ। ਅਗੇਤੀ ਲਵਾਈ ਵਾਲੇ ਇਸ ਝੋਨੇ ਦੀ ਕਟਾਈ ਸਤੰਬਰ ਦੇ ਦੂਜੇ ਹਫਤੇ ਤੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ, ਪਰ ਮੰਡੀਆਂ ਵਿੱਚ ਪਹੁੰਚਣ ਵਾਲੇ ਇਸ ਅਗੇਤੇ ਝੋਨੇ ਦੀ ਸਰਕਾਰੀ ਖਰੀਦ ਲਈ ਸਰਕਾਰ ਵੱਲੋਂ ਅਜੇ ਤੱਕ ਕੋਈ ਤਰੀਕ ਤੈਅ ਨਹੀਂ ਕੀਤੀ ਗਈ, ਅਜਿਹੇ ਹਾਲਾਤ ਵਿੱਚ ਕਿਸਾਨਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਵਰਨਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸਾਲ 2025 ਵਿੱਚ ਝੋਨੇ ਦੀ ਲਵਾਈ ਪਿਛਲੇ ਸਾਲਾਂ ਦੇ ਮੁਕਾਬਲੇ ਲਗਭਗ 10 ਤੋਂ 15 ਦਿਨ ਪਹਿਲਾਂ 1 ਜੂਨ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਦਾ ਮੁੱਖ ਉਦੇਸ਼ ਝੋਨੇ ਦੀ ਵਾਢੀ ਸਮੇਂ ਦਾਣਿਆਂ ਵਿੱਚ ਨਮੀ ਦੀ ਮਾਤਰਾ ਨੂੰ ਕੰਟਰੋਲ ਕਰਨ ਦੇ ਨਾਲ-ਨਾਲ ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ ਵਧੇਰੇ ਸਮਾਂ ਮੁਹੱਈਆ ਕਰਵਾਉਣਾ ਸੀ। ਇਸ ਸਾਲ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀ ਝੋਨੇ ਦੀ ਪੀ. ਆਰ.-126 ਕਿਸਮ ਦੀ ਵੱਡੇ ਪੱਧਰ 'ਤੇ ਲਵਾਈ ਕੀਤੀ ਹੈ। ਇਹ ਕਿਸਮ ਖੇਤ ਵਿੱਚ ਲਗਾਉਣ ਤੋਂ ਕਰੀਬ 93 ਦਿਨਾਂ ਬਾਅਦ ਕਟਾਈ ਲਈ ਤਿਆਰ ਹੋ ਜਾਂਦੀ ਹੈ। ਇਸ ਕਰਕੇ ਜਿਨ੍ਹਾਂ ਕਿਸਾਨਾਂ ਨੇ ਜੂਨ ਦੇ ਪਹਿਲੇ ਹਫਤੇ ਝੋਨਾ ਲਾਇਆ ਸੀ, ਉਨ੍ਹਾਂ ਦੀ ਫ਼ਸਲ ਸਤੰਬਰ ਦੇ ਦੂਜੇ ਹਫਤੇ ਕਟਾਈ ਯੋਗ ਹੋਣ ਤੋਂ ਬਾਅਦ ਮੰਡੀਆਂ ਵਿੱਚ ਪਹੁੰਚਣੀ ਸ਼ੁਰੂ ਹੋ ਜਾਵੇਗੀ। ਫ਼ਸਲ ਅਗੇਤੀ ਤਿਆਰ ਹੋਣ ਦੇ ਬਾਵਜੂਦ ਅਜੇ ਤੱਕ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਜਾਂ ਮਾਰਕੀਟ ਕਮੇਟੀਆਂ ਦੇ ਦਫਤਰਾਂ ਨੂੰ ਝੋਨੇ ਦੀ ਸਰਕਾਰੀ ਖਰੀਦ ਸੰਬੰਧੀ ਕੋਈ ਪੱਤਰ ਪ੍ਰਾਪਤ ਨਹੀਂ ਹੋਇਆ। ਸੂਤਰਾਂ ਅਨੁਸਾਰ ਪਿਛਲੇ ਸਾਲਾਂ ਵਿੱਚ ਸਰਕਾਰੀ ਖਰੀਦ ਸ਼ੁਰੂ ਹੋਣ ਤੋਂ ਲਗਭਗ 15 ਤੋਂ 20 ਦਿਨ ਪਹਿਲਾਂ ਹੀ ਇਸ ਸੰਬੰਧੀ ਪੱਤਰ ਜਾਰੀ ਕਰ ਦਿੱਤੇ ਜਾਂਦੇ ਸਨ। ਪੰਜਾਬ ਖੇਤੀਬਾੜੀ ਵਿਭਾਗ ਤੋਂ ਮਿਲੇ ਅੰਕੜਿਆਂ ਅਨੁਸਾਰ ਇਸ ਵਾਰ ਸੂਬੇ ਵਿੱਚ ਝੋਨੇ ਹੇਠ ਕਰੀਬ 36 ਲੱਖ ਹੈਕਟੇਅਰ ਰਕਬਾ ਹੈ ਅਤੇ ਇਸ ਵਿੱਚੋਂ ਲਗਭਗ 185 ਲੱਖ ਮੀਟ੍ਰਿਕ ਟਨ ਝੋਨੇ ਦੀ ਪੈਦਾਵਾਰ ਹੋਣ ਦਾ ਟੀਚਾ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚੋਂ ਕੇਂਦਰੀ ਪੂਲ ਲਈ 180 ਲੱਖ ਮੀਟ੍ਰਿਕ ਟਨ ਝੋਨਾ ਖਰੀਦਣ ਦਾ ਟੀਚਾ ਤੈਅ ਕੀਤਾ ਗਿਆ ਹੈ, ਜਦੋਂਕਿ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ 2462 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖੇਤੀਬਾੜੀ ਵਿਭਾਗ ਵੱਲੋਂ 26 ਤੋਂ 28 ਲੱਖ ਮੀਟ੍ਰਿਕ ਟਨ ਬਾਸਮਤੀ ਦੀ ਪੈਦਾਵਾਰ ਹੋਣ ਦਾ ਵੀ ਅਨੁਮਾਨ ਲਗਾਇਆ ਜਾ ਰਿਹਾ ਹੈ।

**★ ਪਿਛਲੇ ਸਾਲਾਂ ਨਾਲੋਂ ਦਸ ਦਿਨ ਪਹਿਲਾਂ ਮੰਡੀਆਂ ਵਿੱਚ ਪਹੁੰਚਣਾ ਸ਼ੁਰੂ ਹੋ ਜਾਵੇਗਾ ਝੋਨਾ ★ ਅਜੇ ਤੱਕ ਖਰੀਦ ਦੀ ਤਰੀਕ ਨਾ ਐਲਾਨੇ ਜਾਣ ਕਾਰਨ ਕਿਸਾਨ ਚਿੰਤਤ**



ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੋਣ ਵਾਲੀ ਇਸ ਵੱਡੀ ਖਰੀਦ ਪ੍ਰਕਿਰਿਆ ਨੂੰ ਰਾਜਸੀ ਪੱਖੋਂ ਵੀ ਅਹਿਮ ਮੰਨਿਆ ਜਾ ਰਿਹਾ ਹੈ, ਕਿਉਂਕਿ ਪੰਜਾਬ ਦੀ ਵੱਡੀ ਵਸੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਨਾਲ ਜੁੜੀ ਹੋਈ ਹੈ। ਇਸ ਲਈ ਸਰਕਾਰ ਦੀ ਸਾਖ ਲਈ ਮੰਡੀਆਂ ਵਿੱਚ ਸੁਚੱਜੇ ਪ੍ਰਬੰਧ, ਨਿਰਵਿਘਨ ਖਰੀਦ ਅਤੇ ਸਮੇਂ ਸਿਰ ਅਦਾਇਗੀ, ਮੁੱਖ ਕਸੌਟੀ ਬਣਨਗੇ।

## ਅੰਦਰ ਪੜ੍ਹੋ



ਇਕ ਵਿਲੱਖਣ ਸ਼ਖ਼ਸੀਅਤ ਸਨ

**ਮਹਿੰਦਰ ਸਿੰਘ ਦੁਸਾਂਝ**

ਸਫਾ 3 'ਤੇ



ਮਹੱਤਵਪੂਰਨ ਹਨ

**ਸਤੰਬਰ ਦੇ ਕਿਸਾਨ ਮੇਲੇ**

ਸਫਾ 5 'ਤੇ



ਘਰੇਲੂ ਪੱਧਰ ਤੇ ਬਗੈਰ ਜ਼ਹਿਰਾਂ ਤੋਂ

**ਸਬਜ਼ੀਆਂ ਪੈਦਾ ਕਰੋ ਅਤੇ ਸਿਹਤਮੰਦ ਬਣੋ**

ਸਫਾ 12 'ਤੇ



# ਸਾਉਣੀ ਦੀਆਂ ਮੁੱਖ ਫ਼ਸਲਾਂ ਨੂੰ ਚੂਹਿਆਂ ਤੋਂ ਬਚਾਉਣ ਲਈ ਸਰਵਪੱਖੀ ਪ੍ਰਬੰਧਨ

**ਫ਼ਸਲ ਨੂੰ ਹੋਣ ਵਾਲਾ ਨੁਕਸਾਨ ਚੂਹਿਆਂ ਦੀ ਪ੍ਰਜਾਤੀ, ਫ਼ਸਲ ਦੀ ਅਵਸਥਾ, ਚੂਹਿਆਂ ਦੀ ਗਿਣਤੀ ਅਤੇ ਖੇਤ ਦੀਆਂ ਸਥਿਤੀਆਂ 'ਤੇ ਨਿਰਭਰ ਕਰਦਾ ਹੈ । ਇਸ ਲਈ ਸਿਰਫ਼ ਜ਼ਹਿਰੀਲੇ ਚਾਰੇ ਦੀ ਵਰਤੋਂ ਨਾਲ ਇਨ੍ਹਾਂ ਦੀ ਪ੍ਰਭਾਵਸ਼ਾਲੀ ਰੋਕਥਾਮ ਸੰਭਵ ਨਹੀਂ ਹੁੰਦੀ । ਵਧੀਆ ਅਤੇ ਲੰਬੇ ਸਮੇਂ ਲਈ ਕੰਟਰੋਲ ਪ੍ਰਾਪਤ ਕਰਨ ਵਾਸਤੇ ਏਕੀਕ੍ਰਿਤ ਚੂਹਾ ਪ੍ਰਬੰਧਨ ਅਪਨਾਉਣਾ ਜ਼ਰੂਰੀ ਹੈ, ਜਿਸ ਵਿੱਚ ਰਵਾਇਤੀ, ਯਾਂਤਰਿਕ, ਕੁਦਰਤੀ ਅਤੇ ਰਸਾਇਣਕ ਤਰੀਕਿਆਂ ਨੂੰ ਸਮੇਂ ਸਿਰ ਮਿਲਾ ਕੇ ਵਰਤਿਆ ਜਾਂਦਾ ਹੈ ।**

ਨੀਨਾ ਸਿੰਗਲਾ
ਜੀਵ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
ਮੋ. 73573-25446

## ਚੂਹਿਆਂ ਦੀ ਰੋਕਥਾਮ ਦੇ ਵੱਖ-ਵੱਖ ਤਰੀਕੇ

**ਰਵਾਇਤੀ ਤਰੀਕੇ :** ਜਿਨ੍ਹਾਂ ਖੇਤਾਂ ਦੀਆਂ ਵੱਟਾਂ, ਪਾਣੀ ਦੀਆਂ ਨਾਲੀਆਂ ਜਾਂ ਮੋੜਾਂ ਵਿੱਚ ਚੂਹਿਆਂ ਦੀ ਬਹੁਤ ਜ਼ਿਆਦਾ ਸਮੱਸਿਆ ਹੋਵੇ, ਉਨ੍ਹਾਂ ਦੀ ਸਮੇਂ-ਸਮੇਂ ਤੇ ਮੁਰੰਮਤ ਕਰਕੇ ਪੁਰਾਣੀਆਂ ਖੁੱਡਾਂ ਨਸ਼ਟ ਕਰ ਦੇਣੀਆਂ ਚਾਹੀਦੀਆਂ ਹਨ । ਵੱਟਾਂ ਨੂੰ ਬਹੁਤ ਉੱਚਾ ਜਾਂ ਚੌੜਾ ਨਾ ਬਣਾਓ ਅਤੇ ਫ਼ਸਲ ਨੂੰ ਡਿੱਗਣ ਤੋਂ ਬਚਾਓ । ਨਦੀਨਾਂ ਅਤੇ ਘਾਹ-ਫੂਸ ਚੂਹਿਆਂ ਨੂੰ ਭੋਜਨ ਅਤੇ ਪਨਾਹ ਪ੍ਰਦਾਨ ਕਰਦੇ ਹਨ । ਇਸ ਲਈ ਖੇਤਾਂ ਵਿੱਚ ਨਦੀਨਾਂ ਦੀ ਸਮੇਂ ਸਿਰ ਹੱਥੀਂ ਜਾਂ ਸਿਫ਼ਾਰਸ਼ੀ ਨਦੀਨਨਾਸ਼ਕਾਂ ਨਾਲ ਰੋਕਥਾਮ ਕਰੋ । ਇਸ ਨਾਲ ਨਾ ਸਿਰਫ਼ ਚੂਹਿਆਂ ਦਾ ਹਮਲਾ ਘਟਦਾ ਹੈ, ਸਗੋਂ ਫ਼ਸਲ ਦੀ ਪੈਦਾਵਾਰ ਵੀ ਵਧਦੀ ਹੈ ।

**ਫੜਨ ਤੇ ਮਾਰਨ ਦੇ ਤਰੀਕੇ**

ਸਿੰਚਾਈ ਕਰਨ ਤੋਂ ਬਾਅਦ ਜਦੋਂ ਚੂਹਿਆਂ ਦੀਆਂ ਖੁੱਡਾਂ ਵਿੱਚ ਪਾਣੀ ਭਰ ਜਾਂਦਾ ਹੈ ਤਾਂ ਖੁੱਡਾਂ ਵਿੱਚੋਂ ਬਾਹਰ ਨਿਕਲਣ ਵਾਲੇ ਚੂਹਿਆਂ ਨੂੰ ਡੰਡਿਆਂ ਦੀ ਮਦਦ ਨਾਲ ਮਾਰਿਆ ਜਾ ਸਕਦਾ ਹੈ । ਚੂਹਿਆਂ ਨੂੰ ਫੜਨ ਲਈ ਸਿੰਗਲ-ਕੈਚ ਜਾਂ ਮਲਟੀ-ਕੈਚ ਪਿੰਜਰਿਆਂ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ । ਜਿੱਥੇ ਚੂਹਿਆਂ ਦੀ ਸਰਗਰਮੀ ਵੱਧ ਹੋਵੇ, ਉੱਥੇ ਪ੍ਰਤੀ ਏਕੜ ਲਗਭਗ 16 ਪਿੰਜਰੇ ਲਗਾਓ । ਮਲਟੀ-ਕੈਚ ਪਿੰਜਰਿਆਂ ਨਾਲ ਵਧੀਆ ਨਤੀਜੇ ਪ੍ਰਾਪਤ ਕਰਨ ਲਈ ਪਹਿਲਾਂ 2-3 ਦਿਨ ਪ੍ਰੀ-ਬੇਟਿੰਗ ਕਰੋ । ਇਸ ਦੌਰਾਨ ਪਿੰਜਰੇ ਦਾ ਪਿਛਲਾ ਦਰਵਾਜ਼ਾ ਖੁੱਲ੍ਹਾ ਰੱਖੋ ਤਾਂ ਜੋ ਚੂਹੇ ਬਿਨਾਂ ਡਰ ਦੇ ਅੰਦਰ ਆਉਣ ਦੇ ਆਦੀ ਹੋ ਜਾਣ । ਇਸ ਤੋਂ ਬਾਅਦ ਪਿੰਜਰੇ ਦੇ ਪਿਛਲੇ ਦਰਵਾਜ਼ੇ ਨੂੰ ਬੰਦ ਕਰਕੇ ਪਿੰਜਰੇ ਦੇ ਅੰਦਰ ਕਾਗਜ਼ ਉੱਤੇ 10-15 ਗ੍ਰਾਮ ਸਾਦਾ ਚਾਰਾ ਰੱਖੋ ਅਤੇ ਲਗਾਤਾਰ ਤਿੰਨ ਰਾਤਾਂ ਤੱਕ ਚੂਹੇ ਫੜੋ । ਫੜੇ ਗਏ ਚੂਹਿਆਂ ਨੂੰ ਪਾਣੀ ਵਿੱਚ ਡੁਬੋ ਕੇ ਮਾਰੋ । ਉਸੇ ਥਾਂ ਤੇ ਦੁਬਾਰਾ ਪਿੰਜਰੇ 30 ਦਿਨ ਬਾਅਦ ਹੀ ਲਗਾਓ ।

**ਕੁਦਰਤੀ ਤਰੀਕੇ**

ਕੁਦਰਤ ਵਿੱਚ ਕਈ ਜੀਵ ਚੂਹਿਆਂ ਦੇ ਕੁਦਰਤੀ ਦੁਸ਼ਮਣ ਹਨ । ਇਨ੍ਹਾਂ ਵਿੱਚ ਉੱਲੂ, ਚੀਲਾਂ, ਬਾਜ਼, ਸੱਪ, ਗੋਹ, ਬਿੱਲੀਆਂ ਅਤੇ ਨੇਵਲੇ ਆਦਿ ਸ਼ਾਮਲ ਹਨ । ਇਹ ਜੀਵ ਚੂਹਿਆਂ ਦੀ ਗਿਣਤੀ ਨੂੰ ਕੁਦਰਤੀ ਤੌਰ ਤੇ ਘਟਾਉਣ ਵਿੱਚ ਮਦਦ ਕਰਦੇ ਹਨ । ਇਸ ਲਈ ਇਨ੍ਹਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਬੇਲੋੜਾ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ।

**ਰਸਾਇਣਕ ਤਰੀਕੇ**

ਚੂਹਿਆਂ ਦੀ ਰੋਕਥਾਮ ਲਈ ਜ਼ਹਿਰੀਲੇ ਚੋਗੇ ਦੀ ਵਰਤੋਂ ਸਭ ਤੋਂ ਵੱਧ ਕੀਤੀ ਜਾਂਦੀ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਚੂਹਿਆਂ ਦੀ ਰੋਕਥਾਮ ਲਈ ਮੁੱਖ ਤੌਰ ਤੇ ਚੂਹਾਮਾਰ ਜ਼ਹਿਰਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ।

**ਜ਼ਹਿਰੀਲਾ ਚੋਗ ਰੱਖਣ ਦੀ ਵਿਧੀ**

**1. ਖੁੱਡਾਂ ਵਿੱਚ ਚੋਗਾ ਰੱਖਣਾ :** ਫ਼ਸਲ ਦੀ ਕਟਾਈ ਤੋਂ ਬਾਅਦ ਖਾਲੀ ਸਮੇਂ ਜਾਂ ਫ਼ਸਲ ਦੇ ਉੱਗਣ ਦੀ ਸ਼ੁਰੂਆਤੀ ਅਵਸਥਾ ਵਿੱਚ ਚੂਹਿਆਂ ਦੀਆਂ ਖੁੱਡਾਂ ਖੇਤਾਂ, ਵੱਟਾਂ ਅਤੇ ਪਾਣੀ ਦੀਆਂ ਨਾਲੀਆਂ ਵਿੱਚ ਆਸਾਨੀ ਨਾਲ ਨਜ਼ਰ ਆ ਜਾਂਦੀਆਂ ਹਨ । ਸ਼ਾਮ ਸਮੇਂ ਸਾਰੀਆਂ ਖੁੱਡਾਂ ਮਿੱਟੀ ਨਾਲ ਬੰਦ ਕਰ ਦਿਓ । ਅਗਲੇ ਦਿਨ ਜਿਹੜੀਆਂ ਖੁੱਡਾਂ ਦੁਬਾਰਾ ਖੁੱਲ੍ਹੀਆਂ ਮਿਲਣ, ਉਹ ਤਾਜ਼ੀਆਂ ਖੁੱਡਾਂ ਹੁੰਦੀਆਂ ਹਨ । ਅਜਿਹੀ ਹਰ ਖੁੱਡ ਵਿੱਚ ਕਾਗਜ਼ ਦੀ ਛੋਟੀ ਪੁੜੀ ਵਿੱਚ ਲਗਭਗ 10 ਗ੍ਰਾਮ ਜ਼ਿੰਕ ਫਾਸਫਾਈਡ ਜਾਂ ਬ੍ਰੋਮਾਡਾਇਲੋਨ ਵਾਲਾ ਚੋਗਾ ਪਾ ਕੇ ਇਸ ਨੂੰ ਖੁੱਡ ਅੰਦਰ ਲਗਭਗ 6 ਇੰਚ ਡੂੰਘਾ ਰੱਖੋ ਅਤੇ ਖੁੱਡ ਨੂੰ ਦੁਬਾਰਾ ਮਿੱਟੀ ਨਾਲ ਬੰਦ ਕਰ ਦਿਓ । ਜੇ ਬੈਂਡੀਕੂਟ ਚੂਹੇ ਦੀਆਂ ਖੁੱਡਾਂ ਹੋਣ ਤਾਂ ਪਹਿਲਾਂ ਖੁੱਡ ਦੇ ਉੱਪਰਲੀ ਤਾਜ਼ਾ ਮਿੱਟੀ ਨੂੰ ਹੌਲੀ-ਹੌਲੀ ਹਟਾ ਕੇ ਸੁਰੰਗ ਦਾ ਪਤਾ ਲਗਾਓ ਅਤੇ ਫਿਰ ਜ਼ਹਿਰੀਲਾ ਚਾਰਾ ਸੁਰੰਗ ਦੇ ਅੰਦਰ ਰੱਖੋ ।



**2. ਖੜ੍ਹੀ ਫ਼ਸਲ ਵਿੱਚ ਚੋਗਾ ਰੱਖਣਾ :** ਜਦੋਂ ਫ਼ਸਲ ਪੱਕਣ ਦੇ ਨੇੜੇ ਪਹੁੰਚ ਜਾਂਦੀ ਹੈ ਤਾਂ ਚੂਹਿਆਂ ਦੀਆਂ ਖੁੱਡਾਂ ਲੱਭਣੀਆਂ ਔਖੀਆਂ ਹੋ ਜਾਂਦੀਆਂ ਹਨ । ਅਜਿਹੀ ਸਥਿਤੀ ਵਿੱਚ ਜ਼ਹਿਰੀਲਾ ਚੋਗਾ ਸਿੱਧਾ ਖੇਤ ਵਿੱਚ ਰੱਖਣਾ ਵਧੀਆ ਰਹਿੰਦਾ ਹੈ । ਸ਼ਾਮ ਵੇਲੇ ਖੇਤ ਵਿੱਚ ਚੂਹਿਆਂ ਦੇ ਆਉਣ-ਜਾਣ ਵਾਲੇ ਰਸਤਿਆਂ ਅਤੇ ਸਰਗਰਮ ਥਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਤੀ ਏਕੜ 40 ਥਾਵਾਂ ਤੇ ਕਾਗਜ਼ ਦੇ ਟੁਕੜਿਆਂ ਉੱਤੇ 10-10 ਗ੍ਰਾਮ (400 ਗ੍ਰਾਮ ਪ੍ਰਤੀ ਏਕੜ) ਜ਼ਹਿਰੀਲਾ ਚੋਗਾ ਰੱਖੋ ।

**ਸਾਉਣੀ ਦੀਆਂ ਫ਼ਸਲਾਂ ਵਿੱਚ ਜ਼ਹਿਰੀਲਾ ਚੋਗਾ ਰੱਖਣ ਦਾ ਢੁੱਕਵਾਂ ਸਮਾਂ**

**(ੳ) ਕੱਦੂ ਕਰਕੇ ਲਾਇਆ ਝੋਨਾ :** ਇਸ ਫ਼ਸਲ ਵਿੱਚ ਅਗਸਤ-ਸਤੰਬਰ ਮਹੀਨਿਆਂ ਦੌਰਾਨ ਜ਼ਿੰਕ ਫਾਸਫਾਈਡ ਜਾਂ ਬ੍ਰੋਮਾਡਾਇਲੋਨ ਦਾ ਜ਼ਹਿਰੀਲਾ ਚੋਗਾ 400 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਰੱਖੋ । ਚੋਗਾ ਹਮੇਸ਼ਾ ਸੁੱਕੇ ਦਿਨਾਂ ਵਿੱਚ ਅਤੇ ਦੁੱਧੀਆ ਦਾਣੇ ਪੈਣ ਤੋਂ ਰੱਖੋ, ਨਹੀਂ ਤਾਂ ਪੱਕ ਰਹੀ ਫ਼ਸਲ ਵਿੱਚ ਤਾਜ਼ੇ ਦਾਣੇ ਉਪਲਬਧ ਹੋਣ ਕਰਕੇ ਚੂਹੇ ਜ਼ਹਿਰੀਲਾ ਚੋਗਾ ਖਾਣ ਤੋਂ ਗੁਰੇਜ਼ ਕਰਨਗੇ ।

**(ਅ) ਸਿੱਧੀ ਬਿਜਾਈ ਵਾਲਾ ਝੋਨਾ :** ਇਸ ਫ਼ਸਲ ਵਿੱਚ ਜੇਕਰ ਪ੍ਰਤੀ ਏਕੜ ਚੂਹਿਆਂ ਦੀਆਂ 10 ਤੋਂ ਵੱਧ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਹੋਣ ਤਾਂ ਬਿਜਾਈ ਤੋਂ ਬਾਅਦ ਅਤੇ ਦੁੱਧੀਆ ਦਾਣੇ ਪੈਣ ਤੋਂ ਪਹਿਲਾਂ ਖੁੱਡਾਂ ਵਿੱਚ ਜਾਂ ਖੇਤ ਅੰਦਰ ਕਾਗਜ਼ ਦੇ ਟੁਕੜਿਆਂ ਉੱਪਰ ਜ਼ਿੰਕ ਫਾਸਫਾਈਡ ਜਾਂ ਬ੍ਰੋਮਾਡਾਇਲੋਨ ਦਾ ਜ਼ਹਿਰੀਲਾ ਚੋਗਾ ਰੱਖੋ । ਜੇਕਰ ਬਿਜਾਈ ਤੋਂ ਬਾਅਦ ਜਾਂ ਦੁੱਧੀਆ ਦਾਣੇ ਪੈਣ ਤੋਂ ਪਹਿਲਾਂ ਪ੍ਰਤੀ ਏਕੜ ਚੂਹਿਆਂ ਦੀਆਂ 20 ਤੋਂ ਵੱਧ ਤਾਜ਼ੀਆਂ ਖੁੱਲ੍ਹੀਆਂ ਖੁੱਡਾਂ ਹੋਣ ਤਾਂ ਇਨ੍ਹਾਂ ਦੋਵੇਂ ਸਮਿਆਂ ਤੇ ਦੋ ਵਾਰ ਜ਼ਹਿਰੀਲਾ ਝੋਗਾ ਰੱਖੋ । ਪਹਿਲੀ ਵਾਰ ਜ਼ਿੰਕ ਫਾਸਫਾਈਡ ਜਾਂ ਬ੍ਰੋਮਾਡਾਇਲੋਨ ਦਾ ਚੋਗਾ ਅਤੇ 15 ਦਿਨ ਬਾਅਦ ਬ੍ਰੋਮਾਡਾਇਲੋਨ ਦਾ ਚੋਗਾ ਰੱਖੋ ।

**(ੲ) ਕਮਾਦ :** ਕਮਾਦ ਦੀ ਫ਼ਸਲ ਵਿੱਚ ਚੂਹਿਆਂ ਦੀ ਬਹੁਤਾਤ ਹੋਣ ਕਰਕੇ ਜ਼ਹਿਰੀਲਾ ਚੋਗਾ ਪਹਿਲੀ ਵਾਰ ਜੁਲਾਈ ਮਹੀਨੇ ਵਿੱਚ (ਆਲੇ-ਦੁਆਲੇ ਦੇ ਖੇਤਾਂ ਵਿੱਚ ਝੋਨਾ ਲਗਾਉਣ ਤੋਂ ਬਾਅਦ) ਅਤੇ ਦੂਜੀ ਵਾਰ ਅਕਤੂਬਰ-ਨਵੰਬਰ ਵਿੱਚ (ਆਲੇ-ਦੁਆਲੇ ਦੇ ਖੇਤਾਂ ਵਿੱਚ ਝੋਨੇ ਦੀ ਕਟਾਈ ਤੋਂ ਬਾਅਦ) ਰੱਖੋ । ਇਨ੍ਹਾਂ ਦੋਵੇਂ ਸਮਿਆਂ ਤੋਂ ਪਹਿਲਾਂ ਜ਼ਿੰਕ ਫਾਸਫਾਈਡ ਜਾਂ ਬ੍ਰੋਮਾਡਾਇਲੋਨ ਦਾ ਜ਼ਹਿਰੀਲਾ ਚੋਗਾ ਅਤੇ 15 ਦਿਨ ਬਾਅਦ ਬ੍ਰੋਮਾਡਾਇਲੋਨ ਦਾ ਜ਼ਹਿਰੀਲਾ ਚੋਗਾ 400 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ । ਜੇਕਰ ਗੰਨੇ ਦੀ ਫ਼ਸਲ ਜਨਵਰੀ ਫਰਵਰੀ ਤੋਂ ਬਾਅਦ ਕੱਟਣੀ ਹੋਵੇ ਤਾਂ ਜਨਵਰੀ ਮਹੀਨੇ ਵਿੱਚ ਤੀਜੀ ਵਾਰ ਬ੍ਰੋਮਾਡਾਇਲੋਨ ਦਾ ਜ਼ਹਿਰੀਲਾ ਚੋਗਾ 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 40 ਥਾਵਾਂ ਤੇ ਕਾਗਜ਼ ਦੇ ਟੁਕੜਿਆਂ ਉੱਪਰ ਰੱਖੋ ।

**(ਸ) ਮੂੰਗਫਲੀ :** ਮੂੰਗਫਲੀ ਦੀ ਫ਼ਸਲ ਵਿੱਚ ਦੋ ਵਾਰ ਜ਼ਹਿਰੀਲਾ ਚੋਗਾ ਰੱਖੋ । ਪਹਿਲੀ ਵਾਰ ਜ਼ਿੰਕ ਫਾਸਫਾਈਡ ਦਾ ਚੋਗਾ ਅਤੇ ਦੂਜੀ ਵਾਰ ਬ੍ਰੋਮਾਡਾਇਲੋਨ ਦਾ ਚੋਗਾ ਜਾਂ ਇਸ ਦੇ ਉਲਟ 400 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ । ਪਹਿਲੀ ਵਾਰ ਚੋਗਾ ਗੰਢੀਆਂ ਬਣਨ ਦੀ ਸ਼ੁਰੂਆਤ ਸਮੇਂ (ਫ਼ਸਲ ਦੀ 60-65 ਦਿਨਾਂ ਦੀ ਉਮਰ ਤੇ) ਰੱਖੋ । ਇਸ ਤੋਂ ਬਾਅਦ ਇੱਕ ਮਹੀਨੇ ਦੇ ਵਕਫ਼ੇ ਉਪਰੰਤ, ਗੰਢੀਆਂ ਪੱਕਣ ਤੋਂ ਪਹਿਲਾਂ (ਫ਼ਸਲ ਦੀ 90-95 ਦਿਨਾਂ ਦੀ ਉਮਰ ਤੇ) ਦੂਜੀ ਵਾਰ ਜ਼ਹਿਰੀਲਾ ਚੋਗਾ ਰੱਖੋ ।

**(ਹ) ਸਬਜ਼ੀਆਂ :** ਸਬਜ਼ੀਆਂ ਵਿੱਚ ਚੂਹੇ ਅਤੇ ਚੂਹੀਆਂ ਬੀਜ, ਨਵੇਂ ਪੌਦੇ ਅਤੇ ਪੱਕਣ ਵਾਲੇ ਫ਼ਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ । ਕਈ ਵਾਰ ਖੁੱਡਾਂ ਬਣਾਉਣ ਸਮੇਂ ਮਿੱਟੀ ਦੇ ਢੇਰਾਂ ਹੇਠ ਨਵੇਂ ਪੌਦੇ ਵੀ ਦੱਬ ਜਾਂਦੇ ਹਨ । ਅਜਿਹੀ ਸਥਿਤੀ ਵਿੱਚ ਚੂਹਿਆਂ ਦੀਆਂ ਖੁੱਡਾਂ ਵਿੱਚ ਜਾਂ ਖੇਤ ਦੇ ਅੰਦਰ ਚੂਹਿਆਂ ਦੇ ਆਉਣ-ਜਾਣ ਵਾਲੇ ਰਸਤਿਆਂ ਅਤੇ ਸਰਗਰਮ ਥਾਵਾਂ ਤੇ ਪ੍ਰਤੀ ਏਕੜ ਲਗਭਗ 10-10 ਗ੍ਰਾਮ ਜ਼ਿੰਕ ਫਾਸਫਾਈਡ ਜਾਂ ਬ੍ਰੋਮਾਡਾਇਲੋਨ ਦਾ ਚੋਗਾ 40 ਥਾਵਾਂ ਤੇ ਰੱਖੋ । ਚਾਰਾ ਹਮੇਸ਼ਾ ਸੁੱਕੀ ਥਾਂ ਤੇ ਹੀ ਰੱਖਣਾ ਚਾਹੀਦਾ ਹੈ ।

**(ਕ) ਫ਼ਲਦਾਰ ਬਾਗ :** ਫ਼ਲਦਾਰ ਬਾਗਾਂ ਵਿੱਚ ਚੂਹੇ ਅਤੇ ਗਿਲਹਰੀਆਂ ਵਿਆਪਕ ਨੁਕਸਾਨ ਪਹੁੰਚਾਉਂਦੇ ਹਨ । ਗਿਲਹਰੀ (ਫਿਊਨੈਂਬੁਲਸ ਪੈਨੈਂਟੀ) ਰੁੱਖਾਂ ਉੱਪਰ ਟਾਹਣੀਆਂ ਅਤੇ ਪੱਤਿਆਂ ਨਾਲ ਆਲ੍ਹਣਾ ਬਣਾਉਂਦੀ ਹੈ ਅਤੇ ਮੁੱਖ ਤੌਰ ਤੇ ਫ਼ਲਾਂ ਅਤੇ ਬੀਜਾਂ ਨੂੰ ਖਾਂਦੀ ਹੈ । ਅਮਰੂਦ, ਬੇਰ, ਆੜੂ, ਆਲੂਬੁਖਾਰਾ, ਅਨਾਰ, ਸ਼ਹਿਤੂਤ, ਅੰਗੂਰ ਅਤੇ ਜਾਮਣ ਆਦਿ ਫ਼ਸਲਾਂ ਵਿੱਚ ਗਿਲਹਰੀ ਦਾ ਹਮਲਾ ਆਮ ਹੈ । ਗਿਲਹਰੀ ਦੀ ਰੋਕਥਾਮ ਲਈ ਪਿੰਜਰਿਆਂ ਦੀ ਵਰਤੋਂ ਕਰੋ । ਪਿੰਜਰੇ ਸਵੇਰੇ ਅਤੇ ਸ਼ਾਮ ਦੇ ਸਮੇਂ ਉਨ੍ਹਾਂ ਥਾਵਾਂ ਤੇ ਲਗਾਓ ਜਿੱਥੇ ਗਿਲਹਿਰੀ ਦੀ ਸਰਗਰਮੀ ਜ਼ਿਆਦਾ ਹੋਵੇ, ਕਿਉਂਕਿ ਇਹ ਇਨ੍ਹਾਂ ਸਮਿਆਂ ਦੌਰਾਨ ਸਭ ਤੋਂ ਵੱਧ ਸਰਗਰਮ ਰਹਿੰਦੀ ਹੈ । ਚੂਹੇ ਦਰੱਖਤਾਂ ਦੇ ਆਲੇ-ਦੁਆਲੇ,

ਬਾਕੀ ਸਫ਼ਾ 6 'ਤੇ

### ਜ਼ਹਿਰੀਲਾ ਚੋਗਾ ਤਿਆਰ ਕਰਨ ਦੀ ਵਿਧੀ

ਚੂਹਿਆਂ ਵੱਲੋਂ ਜ਼ਹਿਰੀਲਾ ਚੋਗਾ ਖਾਣ ਦੀ ਮਾਤਰਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਚੋਗਾ ਕਿੰਨਾ ਸੁਆਦਲਾ, ਤਾਜ਼ਾ, ਸੁਗੰਧ ਵਾਲਾ ਅਤੇ ਚੰਗੀ ਬਣਾਵਟ ਵਾਲਾ ਹੈ । ਇਸ ਲਈ ਚੋਗਾ ਹਮੇਸ਼ਾ ਤਾਜ਼ਾ ਤਿਆਰ ਕਰੋ ਅਤੇ ਸਿਫ਼ਾਰਸ਼ ਕੀਤੀ ਮਾਤਰਾ ਵਿੱਚ ਹੀ ਸਮੱਗਰੀ ਦੀ ਵਰਤੋਂ ਕਰੋ ।

**ਜ਼ਿੰਕ ਫਾਸਫਾਈਡ ਵਾਲਾ ਚੋਗ (2%) :** 935 ਗ੍ਰਾਮ ਟੁੱਟੇ ਹੋਏ ਕਣਕ, ਮੱਕੀ, ਝੋਨੇ, ਬਾਜਰੇ ਜਾਂ ਜੁਆਰ ਦੇ ਦਾਣੇ ਜਾਂ ਇਨ੍ਹਾਂ ਦੇ ਮਿਸ਼ਰਣ ਵਿੱਚ 20 ਗ੍ਰਾਮ ਪਿਸੀ ਹੋਈ ਖੰਡ, 20 ਗ੍ਰਾਮ ਖਾਣ ਵਾਲਾ ਬਨਸਪਤੀ ਤੇਲ ਅਤੇ 25 ਗ੍ਰਾਮ ਜ਼ਿੰਕ ਫਾਸਫਾਈਡ (80% ਟੈਕਨੀਕਲ ਪਾਊਡਰ) ਨੂੰ ਲੱਕੜ ਦੀ ਸੋਟੀ ਨਾਲ ਜਾਂ ਦਸਤਾਨੇ ਪਾ ਕੇ ਕਿਸੇ ਬਰਤਨ ਵਿੱਚ ਚੰਗੀ ਤਰ੍ਹਾਂ ਮਿਲਾ ਕੇ ਜ਼ਹਿਰੀਲਾ ਚੋਗਾ ਤਿਆਰ ਕਰੋ । ਇਹ ਜ਼ਹਿਰੀਲਾ ਚੋਗਾ ਹਮੇਸ਼ਾ ਲੋੜ ਅਨੁਸਾਰ ਤਾਜ਼ਾ ਤਿਆਰ ਕਰਨਾ ਚਾਹੀਦਾ ਹੈ । ਜ਼ਿੰਕ ਫਾਸਫਾਈਡ ਵਾਲੇ ਜ਼ਹਿਰੀਲੇ ਚੋਗੇ ਵਿੱਚ ਪਾਣੀ ਨਾ ਮਿਲਾਓ, ਕਿਉਂਕਿ ਇਸ ਨਾਲ ਫਾਸਫੀਨ ਗੈਸ ਪਹਿਲਾਂ ਹੀ ਨਿਕਲਣ ਲੱਗ ਪੈਂਦੀ ਹੈ ਅਤੇ ਚੋਗੇ ਦਾ ਪ੍ਰਭਾਵ ਘਟ ਜਾਂਦਾ ਹੈ ।

**ਬ੍ਰੋਮਾਡਾਇਲੋਨ ਵਾਲਾ ਚੋਗ (0.005%) :** 940 ਗ੍ਰਾਮ ਟੁੱਟੇ ਹੋਏ ਕਣਕ, ਮੱਕੀ, ਝੋਨੇ, ਬਾਜਰੇ ਜਾਂ ਜੁਆਰ ਦੇ ਦਾਣੇ ਜਾਂ ਇਨ੍ਹਾਂ ਦੇ ਮਿਸ਼ਰਣ ਵਿੱਚ 20 ਗ੍ਰਾਮ ਪਿਸੀ ਹੋਈ ਖੰਡ, 20 ਗ੍ਰਾਮ ਖਾਣ ਵਾਲਾ ਬਨਸਪਤੀ ਤੇਲ ਅਤੇ 20 ਗ੍ਰਾਮ ਬ੍ਰੋਮਾਡਾਇਲੋਨ (0.25% ਟੈਕਨੀਕਲ ਪਾਊਡਰ) ਨੂੰ ਲੱਕੜ ਦੀ ਸੋਟੀ ਨਾਲ ਜਾਂ ਦਸਤਾਨੇ ਪਾ ਕੇ ਕਿਸੇ ਬਰਤਨ ਵਿੱਚ ਚੰਗੀ ਤਰ੍ਹਾਂ ਮਿਲਾ ਕੇ ਜ਼ਹਿਰੀਲਾ ਚੋਗਾ ਤਿਆਰ ਕਰੋ ।





# ਇਕ ਵਿਲੱਖਣ ਸ਼ਖ਼ਸੀਅਤ ਸਨ ਮਹਿੰਦਰ ਸਿੰਘ ਦੁਸਾਂਝ



ਡਾ. ਰਣਜੀਤ ਸਿੰਘ


**ਮਹਿੰਦਰ ਦੁਸਾਂਝ ਦੇ ਕੁਝ ਘਰੋਗੀ ਹਾਲਾਤ ਅਜੇਹੇ ਬਣੇ ਕਿ ਉਸ ਨੂੰ ਬਚਪਨ ਵਿੱਚ ਹੀ ਆਪਣੇ ਨਾਨਕੇ ਪਿੰਡ ਜਗਤਪੁਰ ਆਉਣਾ ਪੈ ਗਿਆ ਤੇ ਸਾਰੀ ਉਮਰ ਇਹੋ ਪਿੰਡ ਉਸ ਦੀ ਕਰਮ ਭੂਮੀ ਬਣਿਆ। ਉਸ ਨੂੰ ਸਕੂਲ ਦਾ ਮੂੰਹ ਵੇਖਣਾ ਕਦੇ ਨਸੀਬ ਨਹੀਂ ਹੋਇਆ। ਪੰਜਾਬੀ ਉਸ ਖੇਤ ਦੀ ਰੇਤ ਵਿੱਚ ਅੱਖਰ ਨੂੰ ਉਕਾਰ ਪੜ੍ਹੀ ਅਤੇ ਪੰਜਾਬੀ ਦਾ ਉੱਘਾ ਲੇਖਕ ਬਣਿਆ। ਉਸ ਨੂੰ ਹਿੰਦੀ ਅਤੇ ਉਰਦੂ ਵਿੱਚ ਵੀ ਮੁਹਾਰਤ ਹਾਸਿਲ ਕੀਤੀ। ਉਸ ਨੂੰ ਵਿਰਸੇ ਵਿੱਚ ਸ਼ਾਹਾਂ ਦੇ ਕਰਜ਼ੇ, ਰੇਤ ਦੇ ਟਿੱਬੇ, ਕੱਚਾ ਘਰ ਤੇ ਨੌਂ ਸਾਲ ਦੀ ਉਮਰ ਵਿਚ ਘਰ ਦੀ ਸਾਰੀ ਜ਼ੁੰਮੇਵਾਰੀ ਮਿਲੀ। ਉਸ ਆਪਣੀ ਮਿਹਨਤ ਨਾਲ ਇਨ੍ਹਾਂ ਟਿੱਬਿਆਂ ਨੂੰ ਇੱਕ ਅਗਾਂਹਵਧੂ ਕਿਸਾਨ ਦਾ ਫਾਰਮ ਬਣਾਇਆ ਤੇ ਪੰਜਾਬ ਦੇ ਨੌਜਵਾਨ ਕਿਸਾਨਾਂ ਦੀ ਅਗਵਾਈ ਕੀਤੀ। ਮਹਿੰਦਰ ਨੂੰ ਬਚਪਨ ਦਾ ਅਨੰਦ ਮਾਨਣ ਦਾ ਮੌਕਾ ਹੀ ਨਹੀਂ ਮਿਲਿਆ। ਪਰ ਉਸ ਹਿੰਮਤ ਨਹੀਂ ਹਾਰੀ ਅਤੇ 8 ਏਕੜ ਦੇ ਟਿੱਬਿਆਂ ਨੂੰ ਮਾਡਲ ਫਾਰਮ ਬਣਾਇਆ।**

ਮਹਿੰਦਰ ਸਿੰਘ ਦੁਸਾਂਝ ਅਜੇਹਾ ਕਿਸਾਨ ਸੀ ਜੋ ਆਪਣੇ ਖੇਤਾਂ ਵਿੱਚ ਫ਼ਸਲਾਂ ਦੀ ਕਾਸ਼ਤ ਦੇ ਨਿੱਤ ਨਵੇਂ ਤਜ਼ਰਬੇ ਕਰਦਾ ਤੇ ਮੁੜ ਉਨ੍ਹਾਂ ਨੂੰ ਖੇਤੀ ਵਿਗਿਆਨੀਆਂ ਨਾਲ ਸਾਂਝੇ ਕਰਦਾ। ਜਦੋਂ ਤੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਹੋਂਦ ਵਿੱਚ ਆਈ ਉਸ ਨੇ ਇੱਥੋਂ ਦੇ ਅਧਿਕਾਰੀਆਂ ਤੇ ਵਿਗਿਆਨੀ ਨਾਲ ਨੇੜੇ ਦੇ ਸੰਬੰਧ ਬਣਾਏ ਅਤੇ ਹਰੇਕ ਦੂਜੇ






ਮਹੀਨੇ ਇਥੇ ਗੇੜਾ ਮਾਰਦਾ। ਉਸ ਨਾਲ ਹਮੇਸ਼ਾਂ ਪਿੰਡ ਦੇ ਨੌਜਵਾਨ ਕਿਸਾਨਾਂ ਦੀ ਟੋਲੀ ਹੁੰਦੀ ਜਿਨ੍ਹਾਂ ਉਹ ਵਿਗਿਆਨਕ ਖੇਤੀ ਦੀ ਚੇਟਕ ਲਗਾਉਂਦਾ ਤੇ ਜਦੋਂ ਵੀ ਉਸ ਦੇ ਫਾਰਮ ਉਤੇ ਜਾਈਦਾ ਸੀ ਉਸ ਦੀ ਘਰਵਾਲੀ ਹਮੇਸ਼ਾਂ ਮੋਢੇ ਨਾਲ ਮੋਢਾ ਜੋੜ ਕੇ ਖੇਤ ਵਿੱਚ ਕੰਮ ਕਰਦੀ ਵਿਖਾਈ ਦਿੰਦੀ ਸੀ। ਦੁਸਾਂਝ ਨਵੀਆਂ ਫ਼ਸਲਾਂ ਉਗਾਉਣ ਦੇ ਵੀ ਤਜ਼ਰਬੇ ਕਰਦਾ। ਉਸ ਹਲਦੀ, ਚੈਰੀ, ਸੇਬ ਤੇ ਚੰਦਨ ਦੀ ਕਾਸ਼ਤ ਕੀਤੀ। ਸੇਬ ਲੱਗ ਵੀ ਗਏ ਪਰ ਗੁਣਵੱਤਾ ਵਧੀਆ ਨਹੀਂ ਸੀ। ਮੇਰੀ ਪਹਿਲੀ ਮੁਲਾਕਾਤ ਗੁਰਾਇਆ ਲਾਗੇ ਜਗਤਾਰ ਹੋਰਾਂ ਉਦੋਂ ਉਹ ਆਪਣੇ ਨਾਮ ਨਾਲ ਪਪੀਹਾ ਲਿਖਦਾ ਸੀ ਵਲੋਂ ਬਣਾਈ ਸਾਹਿਤ ਸਭਾ ਦੀ ਬੜਾ ਪਿੰਡ ਦੇ ਸਕੂਲ ਹੋਈ ਮੀਟਿੰਗ ਵਿੱਚ ਹੋਈ। ਮੈਨੂੰ ਉੱਥੇ ਮੇਰਾ ਸੀਨੀਅਰ ਗੁਰਮੇਲ ਰਾਹੀ ਲੈ ਕੇ ਗਿਆ ਸੀ। ਪਿੱਛੋਂ ਉਹ ਅਮਰੀਕਾ ਜਾਂ ਗੁਰਮੇਲ ਦੇ ਨਾਂ ਹੇਠ ਪ੍ਰਸਿੱਧ ਲੇਖਕ ਅਤੇ ਵਿਗਿਆਨੀ ਬਣਿਆ। ਦੁਸਾਂਝ ਨੇ ਆਪਣੇ ਪਿੰਡ ਵੀ ਸਾਹਿਤ ਸਭਾ ਬਣਾਈ ਜਿਹੜੀ ਹੁਣ ਤੱਕ ਬਕਾਇਦਗੀ ਨਾਲ ਕੰਮ ਕਰ ਰਹੀ ਹੈ। ਕੁਝ ਦਿਨ ਪਹਿਲਾਂ ਹੀ ਇਸ ਵਲੋਂ ਇੱਕ ਵਧੀਆ ਪ੍ਰੋਗਰਾਮ ਕੀਤਾ ਗਿਆ ਸੀ। ਮੈਂ ਤੇ ਗੁਰਮੇਲ ਇਨ੍ਹਾਂ ਦੇ ਪਿੰਡ ਸਾਹਿਤ ਸਭਾ ਦੀ ਮੀਟਿੰਗ ਵਿੱਚ ਗਏ ਅਤੇ ਇਨ੍ਹਾਂ ਦੇ ਫਾਰਮ ਨੂੰ



ਵੇਖਿਆ। ਗੁਰਮੇਲ ਫ਼ੁਟਬਾਲ ਦਾ ਵਧੀਆ ਖਿਡਾਰੀ ਸੀ ਉਹ ਜੇ ਸੀ ਟੀ ਫਗਵਾੜਾ ਲਈ ਖੇਲ੍ਹਦਾ ਸੀ ਤੇ ਅਸੀਂ ਉਸ ਦੇ ਸਾਈਕਲ ਉੱਤੇ ਹੀ ਜਗਤਪੁਰ ਪਹੁੰਚ ਗਏ।

ਜਦੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਹੋਂਦ ਵਿੱਚ ਆਈ ਤਾਂ ਦੁਸਾਂਝ ਦੀ ਸਾਂਝ ਇੱਕ ਅਗਾਂਹਵਧੂ ਕਿਸਾਨ ਦੇ ਰੂਪ ਵਿੱਚ ਹੋਈ। ਜਦੋਂ ਕਿਸਾਨ ਮੇਲੇ ਸ਼ੁਰੂ ਹੋਏ ਤਾਂ ਉਸ ਵਿੱਚ ਕਿਸਾਨਾਂ ਦੀ ਉਪਜ ਦੇ ਮੁਕਾਬਲੇ ਵੀ ਕਰਵਾਏ ਜਾਣ ਲੱਗੇ। ਦੁਸਾਂਝ ਜੋੜਾ ਸਭ ਤੋਂ ਵਧ ਇਨਾਮ ਪ੍ਰਾਪਤ ਕਰਦੇ ਸਨ। ਪਿੰਡ ਦੇ ਕਿਸਾਨਾਂ ਨੂੰ ਜਾਗ੍ਰਿਤ ਕਰਨ ਲਈ ਸਿਖਲਾਈ ਕੈਂਪ ਲਗਾਉਂਦੇ ਰਹਿੰਦੇ ਸਨ। ਮੈਨੂੰ ਹਮੇਸ਼ਾ ਉੱਥੇ ਆਉਣ ਦਾ ਸੱਦਾ ਵੀ ਮਿਲਦਾ ਸੀ। ਮੇਰਾ ਵੀ ਉਹ ਹੀ ਇਲਾਕਾ ਹੋਣ ਕਰਕੇ ਆਪਣੀ ਅਪਣੱਤ ਦਾ ਹੋਣਾ ਜ਼ਰੂਰੀ ਸੀ। ਇਨ੍ਹਾਂ ਦੀ ਘਰਵਾਲੀ ਵੀ ਮੁਕਾਬਲੇ ਵਿੱਚ ਬੀਬੀਆਂ ਲਈ ਸਿਖਲਾਈ ਪ੍ਰੋਗਰਾਮ ਉਲੀਕਦੀ ਸੀ। ਉਨ੍ਹਾਂ ਆਖਣਾ ਭਰਾ ਜੀ ਹੁਣ ਸਾਡੇ ਪ੍ਰੋਗਰਾਮ ਵਿੱਚ ਵੀ ਜ਼ਰੂਰ ਆਉਣਾ। ਨਵੇਂ ਤਜ਼ਰਬੇ ਕਰਨ ਵਿੱਚ ਇਨ੍ਹਾਂ ਸੋਲਨ ਵਿਖੇ ਖੇਤੀ ਯੂਨੀਵਰਸਿਟੀ ਨਾਲ ਸਾਂਝ ਬਣਾਈ। ਆਪਣੇ ਜ਼ਿਲ੍ਹੇ ਦੇ ਕੇ. ਵੀ. ਕੇ. ਅਤੇ ਕੰਢੀ ਖੋਜ ਕੇਂਦਰ ਨਾਲ ਰਲ ਕੇ ਤਜ਼ਰਬੇ ਕੀਤੇ। ਉਹ ਪੰਜਾਬੀ ਦੇ ਉੱਘੇ ਲਿਖਾਰੀ ਵੀ ਸਨ। ਮੇਰੇ ਬੱਚੇ ਜਦੋਂ ਸਕੂਲ ਪੜ੍ਹਦੇ ਸਨ ਤਾਂ ਉਨ੍ਹਾਂ ਦੀ ਪੰਜਾਬੀ ਕਿਤਾਬ ਦੀ ਸਾਰੀਆਂ ਕਵਿਤਾਵਾਂ ਦੁਸਾਂਝ ਦੀਆਂ ਲਿਖੀਆਂ ਸਨ। ਜਦੋਂ ਮੈਂ ਦਸਦਾ ਕਿ ਇਹ ਮੇਰਾ ਮਿੱਤਰ ਹੈ ਤਾਂ ਉਹ ਬਹੁਤ ਖੁਸ਼ ਹੁੰਦੇ ਅਤੇ ਆਪਣੇ ਜਮਾਤੀਆਂ ਨਾਲ ਵੀ ਇਹ ਜਾਣਕਾਰੀ ਸਾਂਝੀ ਕਰਦੇ। ਇਸ ਸਾਲ ਜਦੋਂ ਡਾ. ਖੁਸ਼ ਪੰਜਾਬ ਆਏ ਤਾਂ ਇਨ੍ਹਾਂ ਨਾਲ ਲੰਬੀ ਗੱਲਬਾਤ ਕੀਤੀ। ਇਨ੍ਹਾਂ ਦਾ ਫੋਨ ਆਇਆ ਕਿ ਮੈਂ ਡਾ. ਖੁਸ਼ ਬਾਰੇ ਲਿਖ ਰਿਹਾ ਸਾਂ, ਕੁਝ ਹੋਰ ਜਾਣਕਾਰੀ ਚਾਹੀਦੀ ਸੀ। ਕੁਝ ਕਾਰਨਾਂ ਕਰਕੇ ਮੈਂ ਕੁਝ ਮਹੀਨਿਆਂ ਤੋਂ



ਲੁਧਿਆਣੇ ਨਹੀਂ ਸੀ। ਖੈਰ ਮੈਂ ਆਪਣੇ ਲੇਖ ਵਟਸਐਪ ਰਾਹੀਂ ਭੇਜੇ। ਅਸੀਂ ਫ਼ੈਸਲਾ ਕੀਤਾ ਕਿ ਇਸ ਵਾਰ ਕਿਸਾਨ ਮੇਲੇ ਸਮੇਂ ਲੰਬੀ ਮੁਲਾਕਾਤ ਕਰਾਂਗੇ। ਮੈਂ ਐਤਵਾਰ ਨੂੰ ਆ ਗਿਆ ਤੇ ਉਸੇ ਦਿਨ ਉਨ੍ਹਾਂ ਦੇ ਵਿਛੋੜੇ ਦੀ ਮਨਹੂਸ ਖਬਰ ਪੜ੍ਹੀ। ਮੈਨੂੰ ਉਨ੍ਹਾਂ ਆਪਣੇ ਪਿੰਡ ਬੁਲਾ ਕੇ ਵੱਡਾ ਸਮਾਗਮ ਕਰਕੇ ਸਨਮਾਨਿਤ ਕੀਤਾ ਤੇ ਆਪਣੀ ਪਾਕਿਸਤਾਨੀ ਫੇਰੀ ਸੰਬੰਧੀ ਲਿਖੀ ਕਿਤਾਬ ਦਾ ਮੁੱਖ ਬੰਦ ਵੀ ਲਿਖਵਾਇਆ।

ਮਹਿੰਦਰ ਦੁਸਾਂਝ ਦੇ ਕੁਝ ਘਰੋਗੀ ਹਾਲਾਤ ਅਜੇਹੇ ਬਣੇ ਕਿ ਉਸ ਨੂੰ ਬਚਪਨ ਵਿੱਚ ਹੀ ਆਪਣੇ ਨਾਨਕੇ ਪਿੰਡ ਜਗਤਪੁਰ ਆਉਣਾ ਪੈ ਗਿਆ ਤੇ ਸਾਰੀ ਉਮਰ ਇਹੋ ਪਿੰਡ ਉਸ ਦੀ ਕਰਮ ਭੂਮੀ ਬਣਿਆ। ਉਸ ਨੂੰ ਸਕੂਲ ਦਾ ਮੂੰਹ ਵੇਖਣਾ ਕਦੇ ਨਸੀਬ ਨਹੀਂ ਹੋਇਆ। ਪੰਜਾਬੀ ਉਸ ਖੇਤ ਦੀ ਰੇਤ ਵਿੱਚ ਅੱਖਰ ਨੂੰ ਉਕਾਰ ਪੜ੍ਹੀ ਅਤੇ ਪੰਜਾਬੀ ਦਾ ਉੱਘਾ ਲੇਖਕ ਬਣਿਆ। ਉਸ ਨੂੰ ਹਿੰਦੀ ਅਤੇ ਉਰਦੂ ਵਿੱਚ ਵੀ ਮੁਹਾਰਤ ਹਾਸਿਲ ਕੀਤੀ। ਉਸ ਨੂੰ ਵਿਰਸੇ ਵਿੱਚ ਸ਼ਾਹਾਂ ਦੇ ਕਰਜ਼ੇ, ਰੇਤ ਦੇ ਟਿੱਬੇ, ਕੱਚਾ ਘਰ ਤੇ ਨੌਂ ਸਾਲ ਦੀ ਉਮਰ ਵਿਚ ਘਰ ਦੀ ਸਾਰੀ ਜ਼ੁੰਮੇਵਾਰੀ ਮਿਲੀ। ਉਸ ਆਪਣੀ ਮਿਹਨਤ ਨਾਲ ਇਨ੍ਹਾਂ ਟਿੱਬਿਆਂ ਨੂੰ ਇੱਕ ਅਗਾਂਹਵਧੂ ਕਿਸਾਨ ਦਾ ਫਾਰਮ ਬਣਾਇਆ ਤੇ ਪੰਜਾਬ ਦੇ ਨੌਜਵਾਨ ਕਿਸਾਨਾਂ ਦੀ ਅਗਵਾਈ ਕੀਤੀ। ਮਹਿੰਦਰ ਨੂੰ ਬਚਪਨ ਦਾ ਅਨੰਦ ਮਾਨਣ ਦਾ ਮੌਕਾ ਹੀ ਨਹੀਂ ਮਿਲਿਆ। ਪਰ ਉਸ ਹਿੰਮਤ ਨਹੀਂ ਹਾਰੀ ਅਤੇ 8 ਏਕੜ ਦੇ ਟਿੱਬਿਆਂ ਨੂੰ ਮਾਡਲ ਫਾਰਮ ਬਣਾਇਆ। ਉਸ ਦਾ ਫਾਰਮ ਉਤੇ ਛੋਟਾ ਜਿਹਾ ਘਰ ਫ਼ਲਾਂ, ਫ਼ੁੱਲਾਂ ਅਤੇ ਸਬਜ਼ੀਆਂ ਨਾਲ ਘਿਰਿਆ ਹੋਇਆ ਹੈ। ਉਸ ਚਾਰ ਸਾਲ ਮਿਹਨਤ ਕਰਕੇ ਬੰਜਰ ਟਿੱਬਿਆਂ ਨੂੰ ਲਹਿ ਲਹਾਉਂਦੇ ਖੇਤਾਂ ਵਿੱਚ ਬਦਲ ਦਿੱਤਾ। ਇਸ ਫਾਰਮ ਉੱਤੇ ਜਿੱਥੇ ਖੇਤੀ ਦੇ ਨਵੇਂ ਤਜ਼ਰਬੇ ਨਵੇਂ ਬੂਟੇ ਅਤੇ ਨਵੀਆਂ ਸਬਜ਼ੀਆਂ ਵੇਖਣ ਨੂੰ ਮਿਲਦੀਆਂ ਉਥੇ ਇਹ ਪ੍ਰੇਰਨਾ ਵੀ ਮਿਲਦੀ ਹੈ ਕਿ ਜੇਕਰ ਲਗਨ, ਹਿੰਮਤ ਤੇ ਸੂਝ ਨਾਲ ਮਿਹਨਤ ਕੀਤੀ ਜਾਵੇ ਤਾਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਵਿਰਸੇ ਵਿੱਚ ਮਿਲੇ ਕਰਜ਼ੇ ਨੂੰ ਉਤਾਰਿਆ, ਫਾਰਮ ਉੱਤੇ ਘਰ ਬਣਾਇਆ, ਟਿਊਬਵੈਲ ਲਗਵਾਇਆ। ਮੁੜ ਮਾਹਿਰਾਂ ਨਾਲ ਸੰਪਰਕ ਕਰਕੇ ਖੇਤੀ ਵਿੱਚ ਨਵੇਂ ਤਜ਼ਰਬੇ ਸ਼ੁਰੂ ਕੀਤੇ। ਇਨ੍ਹਾਂ ਪ੍ਰਾਪਤੀਆਂ ਲਈ ਉਸ ਨੂੰ ਬਹੁਤ ਸਾਰੀਆਂ ਸੰਸਥਾਵਾਂ ਨੇ ਸਨਮਾਨਿਤ ਕੀਤਾ। ਧਰਤੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਨ ਲਈ ਉਸ ਦਾਲਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਕੀਤੀ। ਬੀਜ ਉਤਪਾਦਨ ਅਤੇ ਡੇਅਰੀ ਨੂੰ ਵੀ ਉਤਸ਼ਾਹਿਤ ਕੀਤਾ। ਉਸ ਕੇਵਲ ਆਪਣੀ

**ਬਾਕੀ ਸਫਾ 6 'ਤੇ**

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 36
ਮਿਤੀ 05-09-2026

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**


# ਗੰਨੇ ਦੀ ਪਿੜ੍ਹਾਈ ਹੇਠ ਦੱਬੀ ਪੰਜਾਬ ਦੀ ਸੱਭਿਆਚਾਰਕ ਮਿਠਾਸ

ਅਮਨ ਮੋਹਨ, ਮੋ. 97806-29339

**ਕਿਸਾਨ ਲੰਮੇ ਸਮੇਂ ਤੋਂ ਕੇਂਦਰ ਤੇ ਸੂਬਾ ਸਰਕਾਰਾਂ ਤੋਂ ਮੰਗ ਕਰਦੇ ਆ ਰਹੇ ਹਨ ਕਿ ਝੋਨੇ ਤੇ ਕਣਕ ਵਾਂਗ ਗੰਨੇ ਦੀ ਅਦਾਇਗੀ ਵੀ ਨਾਲੋਂ-ਨਾਲ ਕਰਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਕਿਸਾਨ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚੋਂ ਨਿਕਲ ਸਕਣ। ਕਿਸਾਨਾਂ ਨੂੰ ਦੂਜਾ ਵੱਡਾ ਝਟਕਾ ਮਜ਼ਦੂਰਾਂ ਦੀ ਭਾਰੀ ਕਿੱਲਤ ਅਤੇ ਡਿੱਗਦੇ ਝਾੜ ਨੇ**



**ਦਿੱਤਾ ਹੈ। ਗੰਨੇ ਦੀ ਕਟਾਈ ਪੂਰੀ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੈ, ਜਿਨ੍ਹਾਂ ਦੀ ਉਪਲਬਧਤਾ ਵਿੱਚ 40% ਤੱਕ ਦੀ ਕਮੀ ਆਈ ਹੈ। ਬੇਮੌਸਮੀ ਬਾਰਸ਼ ਅਤੇ ਬਿਮਾਰੀਆਂ ਕਾਰਨ ਪ੍ਰਤੀ ਏਕੜ ਝਾੜ 350 ਕੁਇੰਟਲ ਤੋਂ ਘੱਟ ਕੇ 200 ਤੋਂ 250 ਕੁਇੰਟਲ ਰਹਿ ਗਿਆ ਹੈ, ਜਿਸ ਨਾਲ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਸਿੱਧਾ ਨੁਕਸਾਨ ਹੋ ਰਿਹਾ ਹੈ। ਕੇਂਦਰ ਦੀ ਈਥਾਨੌਲ ਬਲੈਂਡਿੰਗ ਨੀਤੀ, ਜਿਸ ਤਹਿਤ ਲੱਖਾਂ ਟਨ ਖੰਡ ਦੇ ਬਰਾਬਰ ਗੰਨੇ ਦਾ ਰਸ ਡਾਇਵਰਟ ਕੀਤਾ ਗਿਆ, ਉਸ ਦਾ ਫ਼ਾਇਦਾ ਵੀ ਬੁਨਿਆਦੀ ਢਾਂਚੇ ਦੀ ਕਮੀ ਕਾਰਨ ਪੰਜਾਬ ਦੇ ਸਹਿਕਾਰੀ ਖੇਤਰ ਨੂੰ ਨਹੀਂ ਮਿਲ ਸਕਿਆ। ਜੇਕਰ ਸਰਕਾਰਾਂ ਸੱਚਮੁਚ ਚਾਹੁੰਦੀਆਂ ਹਨ ਕਿ ਦੇਸ਼ ਵਿੱਚ ਖੰਡ ਦੇ ਰੇਟ ਕੰਟਰੋਲ ਵਿੱਚ ਬਹਿਣ ਤੇ ਪੰਜਾਬ ਦਾ ਕਿਸਾਨ ਝੋਨੇ ਦੀ ਦਲਦਲ ਵਿੱਚੋਂ ਨਿਕਲੇ, ਤਾਂ ਸਿਰਫ਼ ਕਾਗਜ਼ੀ ਨੀਤੀਆਂ ਨਾਲ ਕੰਮ ਨਹੀਂ ਚੱਲੇਗਾ। ਕੇਂਦਰ ਸਰਕਾਰ ਨੇ ਵਿਦੇਸ਼ਾਂ ਤੋਂ ਜ਼ੀਰੋ-ਡਿਊਟੀ 'ਤੇ ਕੱਚੀ ਖੰਡ ਇੰਪੋਰਟ ਕਰਨ ਦੀ ਬਜਾਏ, ਦੇਸ਼ ਦੇ ਕਿਸਾਨਾਂ ਨੂੰ ਮਜ਼ਬੂਤ ਕਰਨਾ ਹੋਵੇਗਾ।**

ਪੰਜਾਬ ਦੇ ਪੇਂਡੂ ਜੀਵਨ ਅਤੇ ਸਭਿਆਚਾਰ ਵਿੱਚ ਗੰਨੇ ਦੀ ਖੇਤੀ ਸਿਰਫ਼ ਇੱਕ ਫ਼ਸਲ ਨਹੀਂ, ਸਗੋਂ ਸਾਡੇ ਤਿਉਹਾਰਾਂ, ਰੀਤੀ-ਰਿਵਾਜ਼ਾਂ ਤੇ ਸਾਂਝੇ ਚਾਅ-ਮਲ੍ਹਾਰਾਂ ਦੀ ਸ਼ਾਨ ਰਹੀ ਹੈ। ਇੱਕ ਸਮਾਂ ਸੀ ਜਦੋਂ ਪੰਜਾਬ ਦੇ ਪਿੰਡਾਂ ਵਿੱਚ ਸਿਆਲ (ਸਰਦੀਆਂ) ਦੀ ਆਮਦ ਹੁੰਦਿਆਂ ਹੀ ਚਾਰੇ ਪਾਸੇ ਗੰਨੇ ਦੇ ਕੋਹਲੂਆਂ ਦੀ ਆਵਾਜ਼ ਗੂੰਜਦੀ ਸੀ। ਨਵੇਂ ਗੁੜ ਅਤੇ ਸ਼ੱਕਰ ਦੀ ਖ਼ੁਸ਼ਬੂ ਹਵਾਵਾਂ ਵਿੱਚ ਘੁਲ ਜਾਂਦੀ ਸੀ। ਦੀਵਾਲੀ, ਜਗਰਾਵਾਂ ਦੀ ਰੌਸ਼ਨੀ ਤੇ ਖ਼ਾਸ ਕਰ ਕੇ ਲੋਹੜੀ ਵਰਗੇ ਤਿਉਹਾਰਾਂ 'ਤੇ ਗੰਨੇ ਦੇ ਰਸ ਦੀ ਖੀਰ (ਰੌਹ ਦੀ ਖੀਰ) ਬਣਾਉਣਾ ਪੰਜਾਬੀ ਘਰਾਂ ਦੀ ਪਛਾਣ ਸੀ। ਸ਼ਾਇਦ ਨਵੀਂ ਪੀੜ੍ਹੀ ਨੂੰ ਜਗਰਾਵਾਂ ਦੀ ਰੌਸ਼ਨੀ ਬਾਰੇ ਪਤਾ ਨਾ ਹੋਵੇ, ਇਸ ਲਈ ਉਨ੍ਹਾਂ ਦੇ ਗਿਆਨ ਵਾਸਤੇ ਦੱਸ ਦੇਣਾ ਚਾਹੁੰਦਾ ਹਾਂ ਕਿ 'ਜਗਰਾਵਾਂ ਦੀ ਰੌਸ਼ਨੀ' ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਜਗਰਾਉਂ ਸ਼ਹਿਰ ਵਿੱਚ ਲੱਗਣ ਵਾਲਾ ਇੱਕ ਬਹੁਤ ਹੀ ਮਸ਼ਹੂਰ ਅਤੇ ਇਤਿਹਾਸਕ ਸਭਿਆਚਾਰਕ ਤੇ ਧਾਰਮਕ ਮੇਲਾ ਹੈ। ਇਹ ਮੇਲਾ ਹਰ ਸਾਲ ਫੱਗਣ ਮਹੀਨੇ ਦੀ 14 ਤੋਂ 16 ਤਰੀਕ (ਫ਼ਰਵਰੀ-ਮਾਰਚ) ਨੂੰ ਪ੍ਰਸਿੱਧ ਸੂਫ਼ੀ ਫ਼ਕੀਰ ਹਜ਼ਰਤ ਬਾਬਾ ਮੋਹਕਮ ਦੀਨ ਜੀ ਦੀ ਦਰਗਾਹ 'ਤੇ ਲੱਗਦਾ ਹੈ। ਪੰਜਾਬ ਵਿੱਚ ਇਹ ਉਹ ਸਮਾਂ ਹੁੰਦਾ ਹੈ ਜਦੋਂ ਖੇਤਾਂ ਵਿੱਚ ਗੰਨੇ ਦੀ ਫ਼ਸਲ ਪੂਰੀ ਤਰ੍ਹਾਂ ਤਿਆਰ ਹੁੰਦੀ ਹੈ ਅਤੇ ਗੰਨਾ ਬਹੁਤ ਰਸੀਲਾ ਤੇ ਮਿੱਠਾ ਹੁੰਦਾ ਹੈ। ਪੁਰਾਣੇ ਸਮਿਆਂ ਤੋਂ ਇਹ ਰੀਤ ਚਲੀ ਆ ਰਹੀ ਹੈ ਕਿ ਜੋ ਵੀ ਲੋਕ ਜਗਰਾਵਾਂ ਦੀ ਰੌਸ਼ਨੀ ਦਾ ਮੇਲਾ ਦੇਖਣ ਆਉਂਦੇ ਹਨ, ਉਹ ਉੱਥੋਂ ਗੰਨੇ ਜ਼ਰੂਰ ਖਰੀਦਦੇ ਹਨ। ਮੇਲੇ ਵਿੱਚ ਗੰਨਿਆਂ ਦੇ ਵੱਡੇ-ਵੱਡੇ ਢੇਰ ਲਗਦੇ ਹਨ। ਲੋਕ ਮੇਲੇ ਵਿੱਚ ਘੁੰਮਦੇ ਹੋਏ ਗੰਨੇ ਚੂਪਦੇ ਹਨ ਅਤੇ ਜਦੋਂ ਮੇਲੇ ਤੋਂ ਵਾਪਸ ਆਪਣੇ ਪਿੰਡਾਂ ਜਾਂ ਘਰਾਂ ਨੂੰ ਜਾਂਦੇ ਹਨ, ਤਾਂ ਬੱਚਿਆਂ ਅਤੇ ਪ੍ਰਵਾਰ ਲਈ ਗੰਨਿਆਂ ਦੀ ਪੰਡ ਸੌਗਾਤ ਵਜੋਂ ਸਿਰਾਂ 'ਤੇ ਚੁੱਕ ਕੇ ਲਿਜਾਣਾ ਮੇਲੇ ਦੀ ਇਕ ਪਛਾਣ ਮੰਨਿਆ ਜਾਂਦਾ ਰਿਹਾ ਹੈ। ਮੇਲੇ ਦੇ ਦਿਨਾਂ ਵਿੱਚ ਸ਼ਰਧਾਲੂਆਂ ਅਤੇ ਦੂਰ-ਦੁਰਾਡੇ ਤੋਂ ਆਉਣ ਵਾਲੇ ਮੇਲੀਆਂ ਲਈ ਥਾਂ-ਥਾਂ 'ਤੇ ਗੰਨੇ ਦੇ ਰਸ (ਰੌਹ) ਦੇ ਮੁਫ਼ਤ ਲੰਗਰ ਲਗਾਏ ਜਾਂਦੇ ਹਨ। ਲੋਕ-ਗੀਤਾਂ ਵਾਂਗ, ਮੇਲੇ ਦੀ ਇਸ ਰੌਣਕ ਨੂੰ ਬਿਆਨ ਕਰਦੇ ਹੋਏ ਬਜ਼ੁਰਗ ਅੱਜ ਵੀ ਯਾਦ ਕਰਦੇ ਹਨ ਕਿ ਇਸ ਮੇਲੇ ਤੋਂ ਲਿਆਂਦਾ ਗੰਨਾ ਬੇਹੱਦ ਮਿੱਠਾ ਹੁੰਦਾ ਸੀ।

ਕਹਿਣ ਦਾ ਭਾਵ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਗੰਨਾ ਹਰ ਘਰ ਦੀ ਦੇਹਲੀ 'ਤੇ ਸ਼ਗਨ ਵਜੋਂ ਖੜ੍ਹਾ ਦਿਖਾਈ ਦਿੰਦਾ ਸੀ। ਪਰ ਅੱਜ, ਜਦੋਂ ਦੇਸ਼ ਵਿੱਚ ਤਿਉਹਾਰੀ ਸੀਜ਼ਨ ਸਿਰ 'ਤੇ ਹੈ ਅਤੇ ਖੰਡ ਦੇ ਰੇਟ 70 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਕੇ ਰਸੋਈ ਨੂੰ ਕੌੜੀ ਕਰ ਰਹੇ ਹਨ, ਉੱਥੇ ਪੰਜਾਬ ਦੀ ਧਰਤੀ ਤੋਂ ਗੰਨੇ ਦੀ ਇਹ ਰਵਾਇਤੀ ਮਿਠਾਸ ਤੇਜ਼ੀ ਨਾਲ ਗਾਇਬ ਹੋ ਰਹੀ ਹੈ। ਮੌਜੂਦਾ ਖਾਰਿਫ ਸੀਜ਼ਨ ਦੌਰਾਨ ਸੂਬੇ ਵਿੱਚ ਗੰਨੇ ਹੇਠਲਾ ਰਕਬਾ ਵੱਡੀ ਪੱਧਰ 'ਤੇ ਸੁੰਗੜ ਗਿਆ ਹੈ। ਪਿਛਲੇ ਸਾਲ ਜਿੱਥੇ ਗੰਨੇ ਦੀ ਕਾਸ਼ਤ ਇੱਕ ਲੱਖ ਹੈਕਟੇਅਰ ਵਿੱਚ ਹੋਈ ਸੀ, ਉੱਥੇ ਹੀ ਇਸ ਵਾਰ ਇਹ 14,000 ਹੈਕਟੇਅਰ ਘੱਟ ਕੇ ਸਿਰਫ਼ 86 ਹਜ਼ਾਰ ਹੈਕਟੇਅਰ ਦੇ ਕਰੀਬ ਰਹਿ ਗਈ ਹੈ। ਸੰਨ 1996-97 ਦਾ ਵੀ ਉਹ ਸਮਾਂ ਸੀ ਜਦੋਂ ਪੰਜਾਬ ਵਿੱਚ ਗੰਨੇ ਹੇਠ ਰਕਬਾ 1 ਲੱਖ 72 ਹਜ਼ਾਰ ਹੈਕਟੇਅਰ ਤੱਕ ਪਹੁੰਚ ਗਿਆ ਸੀ। ਇਸ ਤੋਂ ਬਾਅਦ ਕਿਸਾਨਾਂ ਨੂੰ ਮਿੱਲਾਂ ਵੱਲੋਂ ਅਦਾਇਗੀਆਂ ਵਿੱਚ ਦੇਰੀ ਅਤੇ ਹੋਰ ਸਮੱਸਿਆਵਾਂ ਕਾਰਨ ਇਹ ਰਕਬਾ ਘਟਦਾ ਗਿਆ। ਪਿਛਲੇ ਕੁਝ ਦਹਾਕਿਆਂ ਤੋਂ ਪੰਜਾਬ ਵਿੱਚ ਗੰਨੇ ਦਾ ਰਕਬਾ ਆਮ ਤੌਰ 'ਤੇ 70,000 ਤੋਂ 1 ਲੱਖ ਹੈਕਟੇਅਰ ਦੇ ਵਿਚਕਾਰ ਹੀ ਚੱਲ ਰਿਹਾ ਹੈ। ਗੰਨੇ ਦੇ ਰਕਬੇ ਵਿੱਚ ਆਈ ਇਸ ਭਾਰੀ ਗਿਰਾਵਟ ਦਾ ਸਿੱਧਾ ਅਤੇ ਮਾਰੂ ਅਸਰ ਸੂਬੇ ਦੇ ਖੰਡ ਉਦਯੋਗ 'ਤੇ ਪੈਣ ਜਾ ਰਿਹਾ ਹੈ। ਪੰਜਾਬ ਵਿਚ ਇਸ ਵੇਲੇ 9 ਸਹਿਕਾਰੀ ਅਤੇ 6 ਨਿੱਜੀ ਖੰਡ ਮਿੱਲਾਂ ਸਮੇਤ ਕੁੱਲ 15-16 ਮਿਲਾਂ ਕਾਰਜਸ਼ੀਲ ਹਨ, ਜਿਨ੍ਹਾਂ ਕੋਲ ਸਾਲਾਨਾ ਲਗਭਗ 772 ਲੱਖ ਟਨ ਗੰਨਾ ਪੀੜਨ ਦੀ ਵੱਡੀ ਸਮਰੱਥਾ ਹੈ। ਮਿੱਲਾਂ ਨੂੰ ਪਿਛਲੇ ਸਾਲ ਲਗਭਗ 630 ਲੱਖ ਕੁਇੰਟਲ ਗੰਨਾ ਹੀ ਪਿੜਾਈ ਲਈ ਮਿਲਿਆ, ਜਿਸ ਕਾਰਨ ਮਿੱਲਾਂ ਸਮੇਂ ਤੋਂ ਕਰੀਬ ਡੇਢ ਮਹੀਨਾ ਪਹਿਲਾਂ ਹੀ ਬੰਦ ਹੋ ਗਈਆਂ, ਜਦੋਂ ਕਿ ਇਸ ਵਾਰ ਰਕਬਾ ਹੋਰ ਘੱਟ ਜਾਣ ਕਾਰਨ ਮਿੱਲਾਂ ਨੂੰ ਗੰਨੇ ਦੀ ਸਪਲਾਈ ਹੋਰ ਵੀ ਘਟਣ ਦੀ ਸੰਭਾਵਨਾ ਹੈ। ਇਹ ਅੰਕੜੇ ਸਿਰਫ਼ ਇੱਕ ਖੇਤੀਬਾੜੀ ਦੀ ਗਿਰਾਵਟ ਨਹੀਂ, ਸਗੋਂ ਸੂਬੇ ਦੇ ਫ਼ਸਲੀ ਭਿੰਨਤਾ ਦੇ ਦਾਅਦਿਆਂ ਉੱਤੇ ਜਵਾਨ ਵੀ ਖੜ੍ਹੇ ਕਰਦੇ ਹਨ। ਜਿੱਥੇ ਇੱਕ ਪਾਸੇ ਦੇਸ਼ ਵਿੱਚ ਖੰਡ ਦਾ ਕੁਲ ਉਤਪਾਦਨ ਅਨੁਮਾਨ ਤੋਂ 37 ਲੱਖ ਮੈਟ੍ਰਿਕ ਟਨ ਘਟਣ ਕਾਰਨ ਬਫ਼ਰ ਸਟਾਕ ਪਿਛਲੇ 30 ਸਾਲਾਂ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ, ਉੱਥੇ ਪੰਜਾਬ ਦੇ ਕਿਸਾਨ ਦਾ ਗੰਨੇ ਦੀ ਖੇਤੀ ਤੋਂ ਮੂੰਹ ਮੋੜਨਾ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ। ਸਵਾਲ ਉੱਠਦਾ ਹੈ ਕਿ ਜਿਸ ਫ਼ਸਲ ਦੀ ਦੇਸ਼ ਭਰ ਵਿੱਚ ਇੰਨੀ ਵੱਡੀ ਮੰਗ ਹੈ, ਉਹ ਪੰਜਾਬ ਦੇ ਕਿਸਾਨ ਲਈ ਘਾਟੇ ਦਾ ਸੌਦਾ ਕਿਉਂ ਬਣ ਗਈ ? ਇਸ ਸੰਕਟ ਦੇ ਬੀਜ ਕਿਸਾਨਾਂ ਦੀ ਮਜਬੂਰੀ ਅਤੇ ਸਰਕਾਰਾਂ ਦੀ ਨੀਤੀਗਤ ਨਾਕਾਮੀ ਵਿੱਚ ਛੁਪੇ ਹੋਏ ਹਨ। ਪੰਜਾਬ ਸਰਕਾਰ ਨੇ ਭਾਵੇਂ ਗੰਨੇ ਦੇ ਭਾਅ ਵਧਾ ਕੇ 416 ਰੁਪਏ ਪ੍ਰਤੀ ਕੁਇੰਟਲ (ਦੇਸ਼ ਵਿੱਚ ਸਭ ਤੋਂ ਵੱਧ) ਕਰ ਦਿੱਤਾ ਹੈ ਤੇ ਕਰੋੜਾਂ ਰੁਪਏ ਦੇ ਤਾਜ਼ਾ ਬਕਾਏ ਕਲੀਅਰ ਕਰਨ ਦੇ ਦਾਅਵੇ ਵੀ ਕੀਤੇ ਹਨ, ਪਰ ਜ਼ਮੀਨੀ ਹਕੀਕਤ ਕੁੱਝ ਹੋਰ ਹੈ। ਫਗਵਾੜਾ ਵਰਗੀਆਂ ਨਿੱਜੀ ਮਿੱਲਾਂ ਵਲ ਕਿਸਾਨਾਂ ਦੇ ਕਰੋੜਾਂ ਰੁਪਏ ਦੇ ਪੁਰਾਣੇ ਬਕਾਏ ਸਾਲਾਂ-ਸਾਲਾਂ ਤਕ ਲਟਕਦੇ ਰਹਿੰਦੇ ਹਨ। ਅਪਣੀ ਹੀ ਮਿਹਨਤ ਦੀ ਕਮਾਈ ਲਈ ਕਿਸਾਨਾਂ ਨੂੰ ਸੜਕਾਂ 'ਤੇ ਧਰਨੇ ਦੇਣੇ ਪੈਂਦੇ ਹਨ। ਇਸ ਦੇ ਉਲਟ, ਝੋਨੇ ਅਤੇ ਕਣਕ ਦੀ ਸਰਕਾਰੀ ਖ਼ਰੀਦ 'ਤੇ 48 ਘੰਟਿਆਂ ਵਿੱਚ ਸਿੱਧੀ ਪੇਮੈਂਟ ਮਿਲ ਜਾਂਦੀ ਹੈ। ਅਜਿਹੇ ਵਿੱਚ ਕਿਸਾਨ ਰਿਸ਼ਕ ਕਿਉਂ ਲਵੇ ? ਕਿਸਾਨ ਲੰਮੇ ਸਮੇਂ ਤੋਂ ਕੇਂਦਰ ਤੇ ਸੂਬਾ ਸਰਕਾਰਾਂ ਤੋਂ ਮੰਗ ਕਰਦੇ ਆ ਰਹੇ ਹਨ ਕਿ ਝੋਨੇ ਦੇ ਕਣਕ ਵਾਂਗ ਗੰਨੇ ਦੀ ਅਦਾਇਗੀ ਵੀ ਨਾਲੋਂ ਨਾਲ ਕਰਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਕਿਸਾਨ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚੋਂ ਨਿਕਲ ਸਕਣ। ਕਿਸਾਨਾਂ ਨੂੰ ਦੂਜਾ ਵੱਡਾ ਝਟਕਾ ਮਜ਼ਦੂਰਾਂ ਦੀ ਭਾਰੀ ਕਿੱਲਤ ਅਤੇ ਡਿੱਗਦੇ ਝਾੜ ਨੇ ਦਿੱਤਾ ਹੈ। ਗੰਨੇ ਦੀ ਕਟਾਈ ਪੂਰੀ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ 'ਤੇ ਨਿਰਭਰ ਹੈ, ਜਿਨ੍ਹਾਂ ਦੀ ਉਪਲਬਧਤਾ ਵਿੱਚ 40% ਤੱਕ ਦੀ ਕਮੀ ਆਈ ਹੈ। ਬੇਮੌਸਮੀ ਬਾਰਸ਼ ਅਤੇ ਬਿਮਾਰੀਆਂ ਕਾਰਨ ਪ੍ਰਤੀ ਏਕੜ ਝਾੜ 350 ਕੁਇੰਟਲ ਤੋਂ ਘੱਟ ਕੇ 200 ਤੋਂ 250 ਕੁਇੰਟਲ ਰਹਿ ਗਿਆ ਹੈ, ਜਿਸ ਨਾਲ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਸਿੱਧਾ ਨੁਕਸਾਨ ਹੋ ਰਿਹਾ ਹੈ। ਕੇਂਦਰ ਦੀ ਈਥਾਨੌਲ ਬਲੈਂਡਿੰਗ ਨੀਤੀ, ਜਿਸ ਤਹਿਤ ਲੱਖਾਂ ਟਨ ਖੰਡ ਦੇ ਬਰਾਬਰ ਗੰਨੇ ਦਾ ਰਸ ਡਾਇਵਰਟ ਕੀਤਾ ਗਿਆ, ਉਸ ਦਾ ਫ਼ਾਇਦਾ ਵੀ ਬੁਨਿਆਦੀ ਢਾਂਚੇ ਦੀ ਕਮੀ ਕਾਰਨ ਪੰਜਾਬ ਦੇ ਸਹਿਕਾਰੀ ਖੇਤਰ ਨੂੰ ਨਹੀਂ ਮਿਲ ਸਕਿਆ। ਜੇਕਰ ਸਰਕਾਰਾਂ ਸੱਚਮੁਚ ਚਾਹੁੰਦੀਆਂ ਹਨ ਕਿ ਦੇਸ਼ ਵਿੱਚ ਖੰਡ ਦੇ ਰੇਟ ਕੰਟਰੋਲ ਵਿੱਚ ਰਹਿਣ ਤੇ ਪੰਜਾਬ ਦਾ ਕਿਸਾਨ ਝੋਨੇ ਦੀ ਦਲਦਲ ਵਿੱਚੋਂ ਨਿਕਲੇ, ਤਾਂ ਸਿਰਫ਼ ਕਾਗਜ਼ੀ ਨੀਤੀਆਂ ਨਾਲ ਕੰਮ ਨਹੀਂ ਚੱਲੇਗਾ। ਕੇਂਦਰ ਸਰਕਾਰ ਨੂੰ ਵਿਦੇਸ਼ਾਂ ਤੋਂ ਜ਼ੀਰੋ-ਡਿਊਟੀ 'ਤੇ ਕੱਚੀ ਖੰਡ ਇੰਪੋਰਟ ਕਰਨ ਦੀ ਬਜਾਏ, ਦੇਸ਼ ਦੇ ਕਿਸਾਨਾਂ ਨੂੰ ਮਜ਼ਬੂਤ ਕਰਨਾ ਹੋਵੇਗਾ।

ਪੰਜਾਬ ਸਰਕਾਰ ਨੂੰ ਗੰਨੇ ਦੀ ਖੇਤੀ ਲਈ ਕਣਕ-ਝੋਨੇ ਵਾਂਗ 'ਤੁਰੰਤ ਭੁਗਤਾਨ' ਦੀ ਕਾਨੂੰਨੀ ਗਾਰੰਟੀ ਦੇਣੀ ਚਾਹੀਦੀ ਹੈ ਅਤੇ ਮਜ਼ਦੂਰਾਂ ਦੇ ਬਦਲ ਵਜੋਂ ਗੰਨਾ ਕੱਟਣ ਵਾਲੀਆਂ ਮਸ਼ੀਨਾਂ 'ਤੇ ਵੱਡੀ ਸਬਸਿਡੀ ਮੁਹੱਈਆ ਕਰਵਾਉਣੀ ਚਾਹੀਦੀ ਹੈ। ਗੰਨਾ ਸਿਰਫ਼ ਇੱਕ ਫ਼ਸਲ ਨਹੀਂ, ਇਹ ਪੰਜਾਬ ਦੀ ਆਰਥਿਕਤਾ ਤੇ ਅਮੀਰ ਵਿਰਸੇ ਦੀ ਰੀੜ੍ਹ ਦੀ ਹੱਡੀ ਹੈ। ਜੇਕਰ ਸਮਾਂ ਰਹਿੰਦੇ ਇਸ ਖੇਤੀ ਨੂੰ ਤਕਨੀਕੀ ਅਤੇ ਵਿੱਤੀ ਬੂਸਟਰ ਨਾ ਦਿੱਤਾ ਗਿਆ, ਤਾਂ ਆਉਣ ਵਾਲੀਆਂ ਨਸਲਾਂ ਸਿਰਫ਼ ਮਹਿੰਗੀ ਖੰਡ ਹੀ ਨਹੀਂ ਖਾਣਗੀਆਂ, ਸਗੋਂ ਉਹ ਪੰਜਾਬ ਦੇ ਸੱਭਿਆਚਾਰ ਦੀ ਉਸ ਪੁਰਾਤਨ ਮਿਠਾਸ ਤੋਂ ਵੀ ਹਮੇਸ਼ਾਂ ਲਈ ਵਾਂਝੀਆਂ ਹੋ ਜਾਣਗੀਆਂ, ਜੋ ਕਦੇ ਸਾਡੇ ਤਿਉਹਾਰਾਂ ਦੀ ਜਾਨ ਹੁੰਦੀ ਸੀ।

# ਸਤੰਬਰ ਦੇ ਕਿਸਾਨ ਮੇਲੇ ਮਹੱਤਵਪੂਰਨ ਹਨ



ਭਗਵਾਨ ਦਾਸ

ਸਤੰਬਰ ਦਾ ਮਹੀਨਾ ਕਿਸਾਨਾਂ ਲਈ ਬੜਾ ਮਹੱਤਵਪੂਰਨ ਹੈ। ਇਸ ਮਹੀਨੇ ਦੌਰਾਨ ਕਿਸਾਨ ਮੇਲੇ ਲਗਾਏ ਜਾਂਦੇ ਹਨ, ਜਿਨ੍ਹਾਂ ਵਿੱਚ ਕਿਸਾਨਾਂ ਨੂੰ ਹਾੜੀ ਦੀਆਂ ਫ਼ਸਲਾਂ ਵਿੱਚੋਂ ਕਣਕ ਜੋ ਮੁੱਖ ਫ਼ਸਲ ਹੈ, ਦੇ ਸ਼ੁੱਧ ਬੀਜ ਵਿਸ਼ੇਸ਼ ਤੌਰ ’ਤੇ ਮੁਹੱਈਆ ਕੀਤੇ ਜਾਂਦੇ ਹਨ। ਫ਼ਸਲਾਂ ਦੇ ਬੀਜ ਮੁਹੱਈਆ ਕਰਨ ਤੋਂ ਇਲਾਵਾ ਹਾੜੀ ਦੀਆਂ ਫ਼ਸਲਾਂ ਸੰਬੰਧੀ ਪੂਰੀ ਜਾਣਕਾਰੀ ਕਿਸਾਨਾਂ ਨੂੰ ਦਿੱਤੀ ਜਾਂਦੀ ਹੈ। ਝੋਨੇ, ਬਾਸਮਤੀ ਦੀ ਫ਼ਸਲ ਪੂਰੇ ਜੋਬਨ ’ਤੇ ਹੁੰਦੀ ਹੈ। ਕਪਾਹ-ਨਰਮਾ ਪੱਕਣ ਕੰਢੇ ਹੁੰਦਾ ਹੈ। ਕਿਸਾਨ ਮੇਲਿਆਂ ਵਿੱਚ ਸ਼ਮੂਲੀਅਤ ਦੇ ਦੌਰਾਨ ਵਿਸ਼ੇਸ਼ ਕਰਕੇ ਝੋਨੇ ਅਤੇ ਬਾਸਮਤੀ ਦੀਆਂ ਵੱਖ-ਵੱਖ ਕਿਸਮਾਂ ਸੰਬੰਧੀ ਫ਼ਸਲਾਂ ਨੂੰ ਵੇਖ ਕੇ ਅਤੇ ਪੂਰੀ ਜਾਂਚ-ਪੜਤਾਲ ਅਗਲੇ ਸਾਲ ਦੀ ਬਿਜਾਈ ਲਈ ਕਿਸਮ ਦੀ ਚੋਣ ਕਰਨ ਲਈ ਆਪਣਾ ਮਨ ਬਣਾਉਂਦੇ ਹਨ।

ਪੀ.ਏ.ਯੂ. ਵਲੋਂ ਪਹਿਲਾਂ ਕਿਸਾਨ ਮੇਲਾ ਅੰਮ੍ਰਿਤਸਰ ਵਿਖੇ 9 ਸਤੰਬਰ ਨੂੰ ਲਾਇਆ ਜਾਵੇਗਾ। ਫੇਰ 11 ਸਤੰਬਰ ਨੂੰ ਬੱਲੇਵਾਲ ਸੌਖੜੀ ਵਿਖੇ ਅਤੇ 15 ਸਤੰਬਰ ਨੂੰ ਰੌਣੀ (ਪਟਿਆਲਾ) ਵਿਖੇ ਲਗਾਇਆ ਜਾਵੇਗਾ। ਪੀ.ਏ.ਯੂ. ਦਾ ਵੱਡਾ ਮੇਲਾ ਲੁਧਿਆਣਾ ਕੈਂਪਸ ਵਿੱਚ 18




ਤੇ 19 ਸਤੰਬਰ ਨੂੰ ਲਗਾਇਆ ਜਾਵੇਗਾ। ਫੇਰ ਫਰੀਦਕੋਟ ਵਿਖੇ 22 ਸਤੰਬਰ ਨੂੰ ਕਿਸਾਨ ਮੇਲਾ ਲਗਾਇਆ ਜਾਵੇਗਾ। ਪੰਜਾਬ ਯੰਗ ਫਾਰਮਰਜ਼ ਐਸੋਸੀਏਸ਼ਨ ਵਲੋਂ ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ-ਕੋਲੈਬੋਰੇਟਿਵ ਆਊਟ ਸਟੇਸ਼ਨ ਰਿਸਰਚ ਸੈਂਟਰ ਰੱਖੜਾ ਵਿਖੇ 23 ਸਤੰਬਰ ਨੂੰ ਕਿਸਾਨ ਮੇਲਾ ਲਗਾਇਆ ਜਾਵੇਗਾ, ਜਿਸ ਵਿੱਚ ਆਈ.ਏ.ਆਰ.ਆਈ. ਦੇ ਵਿਗਿਆਨੀ ਭਾਗ ਲੈਣਗੇ ਅਤੇ ਆਈ.ਸੀ.ਏ.ਆਰ. ਸੰਸਥਾਵਾਂ ਵਲੋਂ ਵਿਕਸਿਤ ਕਣਕ ਦੇ ਸੁਧਰੇ ਫਾਊਂਡੇਸ਼ਨ ਬੀਜ ਕਿਸਾਨਾਂ ਨੂੰ ਮੁਹੱਈਆ ਕੀਤੇ ਜਾਣਗੇ। ਆਈ.ਏ.ਆਰ.ਆਈ. ਵਲੋਂ ਵਿਕਸਤ ਐਚਡੀ-3386 ਅਤੇ ਆਈ.ਆਈ.ਡਬਲਿਊ.ਬੀ.ਆਰ. ਵਲੋਂ ਵਿਕਸਿਤ ਡੀਬੀਡਬਲਿਊ-371, ਡੀਬੀਡਬਲਿਊ-372 ਅਤੇ ਡੀਬੀਡਬਲਿਊ-327 ਦੇ ਫਾਊਡੇਸ਼ਨ ਬੀਜ ਕਿਸਾਨ ਇੱਥੋਂ ਲੈ ਸਕਣਗੇ। ਆਈ.ਏ.ਆਰ.ਆਈ. ਵਲੋਂ ਵਿਕਸਿਤ ਝੋਨੇ ਤੇ ਬਾਸਮਤੀ ਦੀਆਂ ਕਿਸਮਾਂ ਦਾ ਪਲਾਂਟ ਵੀ ਕਿਸਾਨਾਂ ਨੂੰ ਦਿਖਾਏ ਜਾਣਗੇ। ਫੇਰ 25 ਸਤੰਬਰ ਨੂੰ ਖੇਤਰੀ ਖੋਜ ਸਟੇਸ਼ਨ ਪੀ.ਏ.ਯੂ. ਬਠਿੰਡਾ ਵਿਖੇ ਕਿਸਾਨ ਮੇਲਾ ਲਗਾਏਗੀ। ਆਖਰੀ ਮੇਲਾ 28 ਸਤੰਬਰ ਨੂੰ ਗੁਰਦਾਸਪੁਰ ਵਿਖੇ ਲੱਗੇਗਾ।

ਇਨ੍ਹਾਂ ਕਿਸਾਨ ਮੇਲਿਆਂ ਵਿੱਚ ਕਿਸਾਨ ਇੱਕ-ਦੂਜੇ ਨਾਲ ਆਪਣੇ ਵਿਚਾਰ ਤੇ ਤਜ਼ਰਬੇ ਸਾਂਝੇ ਕਰਦੇ ਹਨ ਅਤੇ ਵਿਗਿਆਨੀਆਂ ਤੋਂ ਨਵੀਂ ਖੋਜ ਸੰਬੰਧੀ ਜਾਣਕਾਰੀ ਹਾਸਿਲ ਕਰਦੇ ਹਨ। ਖੋਜ ਉਪਰੰਤ ਨਵੀਆਂ ਵਿਧੀਆਂ ਜੋ ਕਿਸਾਨਾਂ ਨੂੰ ਦੱਸੀਆਂ ਗਈਆਂ ਸਨ, ਉਨ੍ਹਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਵਿਗਿਆਨੀਆਂ ਨੂੰ ਉਨ੍ਹਾਂ ਦੀ ਸਫ਼ਲਤਾ ਅਤੇ ਕਿਸਾਨਾਂ ਦੀ ਭਵਿੱਖ ਦੀ ਲੋੜ ਸੰਬੰਧੀ ਵੀ ਫੀਡਬੈਕ ਮਿਲਦੀ ਹੈ। ਇਹ ਕਿਸਾਨ ਮੇਲੇ ਖੇਤੀ ਮਾਹਿਰਾਂ, ਵਿਗਿਆਨੀਆਂ ਅਤੇ ਕਿਸਾਨਾਂ ਦਾ ਸੁਮੇਲ ਹਨ। ਕਿਸਾਨ ਆਪਣੀਆਂ ਸਮੱਸਿਆਵਾਂ ਦਾ ਇੱਕ-ਦੂਜੇ ਨਾਲ ਗੱਲਬਾਤ ਕਰਕੇ ਅਤੇ ਵਿਗਿਆਨੀਆਂ ਦੀ ਅਗਵਾਈ ਹੇਠ ਆਪ ਹੀ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਮੇਲਿਆਂ ਵਿੱਚ ਕਿਸਾਨ ਸ਼ੁੱਧ ਤੇ ਫਾਊਂਡੇਸ਼ਨ ਬੀਜ ਖਰੀਦ ਕੇ ਲੈ ਜਾਂਦੇ ਹਨ। ਫਾਊਂਡੇਸ਼ਨ ਬੀਜ ਤੇ ਉਹ ਅਗਲੇ ਸਾਲ ਲਈ ਆਪਣਾ ਬੀਜ ਤਿਆਰ ਕਰ ਲੈਂਦੇ ਹਨ। ਇਨ੍ਹਾਂ ਕਿਸਾਨ ਮੇਲਿਆਂ ਵਿੱਚ ਕਿਸਾਨਾਂ ਦੀ ਬਹੁਤੀ ਖਿੱਚ ਕਣਕ ਦੀਆਂ ਕਿਸਮਾਂ ਦੇ ਸੁਧਰੇ ਬੀਜਾਂ ਦੀ ਹੁੰਦੀ ਹੈ। ਜੋ 35 ਲੱਖ ਹੈਕਟੇਅਰ ਤੋਂ ਵੱਧ ਰਕਬੇ ’ਤੇ ਕਾਸ਼ਤ ਕੀਤੀ ਜਾਂਦੀ ਹੈ। ਇਨ੍ਹਾਂ ਮੇਲਿਆਂ ਦੇ ਸ਼ੁੱਧ ਬੀਜ ਕਿਸਾਨਾਂ ਵਲੋਂ ਸਹੀ ਢੰਗ ਨਾਲ ਕਾਸ਼ਤ ਕੀਤੀਆਂ 20 ਫ਼ੀਸਦੀ ਤੱਕ ਵੱਧ ਝਾੜ ਦੇਣ ਦੀ ਸ਼ਕਤੀ ਰੱਖਦੇ ਹਨ। ਹਰ ਵੱਡਾ-ਛੋਟਾ ਕਿਸਾਨ ਹਾੜੀ ਵਿੱਚ ਕਣਕ ਦੀ ਕਾਸ਼ਤ ਕਰਦਾ ਹੈ, ਕਿਉਂਕਿ ਇਹ ਮੁਕਾਬਲਤਨ ਯਕੀਨੀ ਫ਼ਸਲ ਹੈ ਅਤੇ ਪੰਜਾਬ ਦੀ ਮੁੱਖ ਤੇ ਰਵਾਇਤੀ ਫ਼ਸਲ ਹੋਣ ਕਾਰਨ ਹਰੇਕ ਕਿਸਾਨ ਇਸ ਦੀ ਤਕਨਾਲੋਜੀ ਦਾ ਗਿਆਨ ਰੱਖਦਾ ਹੈ।

ਸਤੰਬਰ ਦਾ ਮਹੀਨਾ ਕਿਸਾਨਾਂ ਲਈ ਬਹਾਰ ਦਾ ਮੌਸਮ ਹੈ। ਕਿਸਾਨ ਸਦਾਬਹਾਰ ਫਲਾਂ ਤੋਂ ਇਲਾਵਾ ਮੁੱਖ ਸਬਜ਼ੀ ਆਲੂਆਂ ਦੀ ਅਗੇਤੀ ਬਿਜਾਈ ਵੀ ਕਰ ਸਕਦੇ ਹਨ। ਚਾਰੇ ਲਈ ਮੱਕੀ ਵੀ ਬੀਜ ਸਕਦੇ ਹਨ। ਬਰਸੀਮ ਲਈ ਖੇਤ ਤਿਆਰ ਕਰ ਕੇ ਅਖੀਰਲੇ ਹਫ਼ਤੇ ਵਿੱਚ ਬਿਜਾਈ ਕੀਤੀ ਜਾ ਸਕਦੀ ਹੈ। ਵਣ ਖੇਤੀ ਲਈ ਸਫੈਦਾ ਅਤੇ ਪਾਪੂਲਰ ਲਗਾਉਣ ਲਈ ਵੀ ਇਹ ਢੁਕਵਾਂ ਸਮਾਂ ਹੈ। ਤੋਰੀਆਂ ਬੀਜਣ ਲਈ ਵੀ ਇਹ ਮਹੀਨਾ ਵਧੀਆ ਸਮਾਂ ਮੰਨਿਆ ਗਿਆ ਹੈ। ਮੌਸਮੀ ਫੁੱਲਾਂ ਦੀ ਪਨੀਰੀ ਤਿਆਰ ਕਰਨ ਲਈ ਬੀਜ ਕਿਆਰੀਆਂ ਜਾਂ ਮਿੱਟੀ ਦੇ ਗਮਲਿਆਂ ਵਿੱਚ ਬੀਜੇ ਜਾ ਸਕਦੇ ਹਨ। ਲਾਅਨਾਂ ਵਿੱਚ ਅੱਧਾ ਕਿੱਲੋ ਯੂਰੀਆ ਪ੍ਰਤੀ 1000 ਵਰਗ ਫੁੱਟ ਪਾ ਦੇਣਾ ਚਾਹੀਦਾ ਹੈ। ਜ਼ਿਆਦਾ ਫੈਲੇ ਹੋਏ ਰੁੱਖਾਂ ਅਤੇ ਸਜਾਵਟੀ ਬੂਟਿਆਂ, ਵੇਲਾਂ ਦੀ ਕਾਂਟ-ਛਾਂਟ ਕੀਤੇ ਹੋਏ ਦਿਲਕਸ਼ ਆਕਾਰ ਦੇ ਬਾਗ-ਬਗੀਚੇ ਸਤੰਬਰ ਦੇ ਮਹੀਨੇ ਵਿੱਚ ਹੀ ਦੇਖਣ ਨੂੰ ਮਿਲਦੇ ਹਨ। ਜਿਨ੍ਹਾਂ ਕਿਸਾਨਾਂ ਨੇ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀ ਬਾਸਮਤੀ ਦੀ ਪੂਸਾ ਬਾਸਮਤੀ 1509 ਕਿਸਮ ਲਗਾਈ ਹੈ, ਉਨ੍ਹਾਂ ਨੂੰ ਚੰਗਾ ਭਾਅ ਮਿਲ ਰਿਹਾ ਹੈ। ਉੱਤਰ ਪ੍ਰਦੇਸ਼ ਦੇ ਕਿਸਾਨ ਹਰਿਆਣਾ ਵਿੱਚ ਆਪਣੀ ਇਸ ਕਿਸਮ ਦੀ ਫ਼ਸਲ ਵੇਚ ਕੇ ਚੰਗੀ ਕਮਾਈ ਕਰ ਰਹੇ ਹਨ। ਕਿਸਾਨ ਪੱਖੀ ਨਜ਼ਰੀਏ ਨਾਲ ਵੇਖਦੇ ਹੋਏ ਜੇ ਪੰਜਾਬ ਵਿੱਚ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ-2009 ਥੱਲੇ ਝੋਨੇ, ਬਾਸਮਤੀ ਦੀ 15 ਜੂਨ ਤੋਂ ਪਹਿਲਾਂ ਕਾਸ਼ਤ ਕਰਨ ’ਤੇ ਲਾਈ ਗਈ ਰੋਕ ਤੋੜ ਦਿੱਤੀ ਜਾਵੇ ਤਾਂ ਪੰਜਾਬ ਦੇ ਕਿਸਾਨ ਵੀ ਯੂ.ਪੀ. ਵਾਂਗ ਪੂਸਾ ਬਾਸਮਤੀ 1509 ਕਿਸਮ ਲਾ ਕੇ ਚੰਗੀ ਕਮਾਈ ਕਰ ਸਕਣਗੇ। ਪਰ ਇਹ ਵੇਖਣਾ ਪਵੇਗਾ ਕਿ ਅਜਿਹਾ ਕਰਨ ਨਾਲ ਜ਼ਮੀਨ ਥੱਲੇ ਪਾਣੀ ਦਾ ਪੱਧਰ ਕਿਤੇ ਹੋਰ ਹੇਠਾਂ ਤਾਂ ਨਹੀਂ ਚਲਾ ਜਾਂਦਾ। ਪਿਛਲੇ ਕੁਝ ਸਾਲਾਂ ਵਿੱਚ ਜ਼ਮੀਨ ਥੱਲੇ ਦੇ ਪਾਣੀ ਦੇ ਪੱਧਰ ਵਿੱਚ ਪਹਿਲਾਂ ਵਰਗੀ ਤੇਜ਼ੀ ਨਾਲ ਆ ਰਹੀ ਗਿਰਾਵਟ ਕੁਝ ਘਟੀ ਹੈ। ਇਸ ਕਰਕੇ 15 ਜੂਨ ਤੋਂ ਪਹਿਲਾਂ ਝੋਨਾ ਲਗਾਉਣ ਦੀ ਮਨਾਹੀ ਦੀ ਪੁਨਰ ਸਮੀਖਿਆ ਕੀਤੀ ਜਾ ਸਕਦੀ ਹੈ।

ਸਤੰਬਰ ਦੇ ਇਨ੍ਹਾਂ ਕਿਸਾਨ ਮੇਲਿਆਂ ਵਿੱਚ ਕਿਸਾਨ ਸਮਾਂ ਕੱਢ ਕੇ ਹੁੰਮ-ਹੁੰਮਾ ਕੇ ਸ਼ਿਰਕਤ ਕਰਦੇ ਹਨ। ਉਹ ਖੇਤੀ ਗਿਆਨ, ਨਵੀਂ ਖੋਜ ਅਤੇ ਸੁਧਰੇ ਬੀਜਾਂ ਦੀ ਜਾਣਕਾਰੀ ਸੰਬੰਧੀ ਪੂਰੀ ਜਾਣਕਾਰੀ ਚਾਹੁੰਦੇ ਹਨ। ਪਿੱਛੇ ਦੇਖਿਆ ਗਿਆ ਹੈ ਕਿ ਕੁਝ ਕਿਸਾਨ ਮੇਲੇ ਰਾਜਨੀਤਕ ਬਣਦੇ ਜਾ ਰਹੇ ਹਨ ਜਾਂ ਵੱਖ-ਵੱਖ ਉਤਪਾਦਾਂ ਦੇ ਵਿਕਰੀ ਕੇਂਦਰ ਨੁਮਾਇਸ਼ਾਂ ਤੇ ਸਟਾਲ ਲਗਾ ਕੇ ਆਪਣਾ ਸਾਮਾਨ ਵੇਚਦੇ ਹਨ, ਜਿਸ ਦੀ ਸ਼ੁੱਧਤਾ ਤੇ ਸਫ਼ਲਤਾ ਦੀ ਜ਼ਿੰਮੇਵਾਰੀ ਆਯੋਜਕਾਂ ਵਲੋਂ ਨਹੀਂ ਲਈ ਜਾਂਦੀ। ਜਿਹੜੀ ਕਿਸਾਨ ਮੇਲੇ ਅਜਿਹੇ ਰੁਝਾਨਾਂ ਵੱਲ ਝੁਕ ਰਹੇ ਹਨ, ਉਨ੍ਹਾਂ ਨੂੰ ਸੁਚੇਤ ਹੋਣ ਦੀ ਲੋੜ ਹੈ। ਕਿਸਾਨ ਇਨ੍ਹਾਂ ਮੇਲਿਆਂ ਵਿੱਚ ਵਿਗਿਆਨੀਆਂ ਨਾਲ ਸੰਪਰਕ ਕਰ ਸਕਣ ਅਤੇ ਖੇਤਾਂ ਦੀ ਫੇਰੀ ਪਾ ਕੇ ਫ਼ਸਲਾਂ ਦਾ ਜਾਇਜ਼ਾ ਲੈ ਸਕਣ, ਅਜਿਹਾ ਮਾਹੌਲ ਤੇ ਵਾਤਾਵਰਨ ਬਚਾਉਣ ਦੀ ਲੋੜ ਹੈ।



# ਖੁੰਬਾਂ ਦੀ ਕਾਸ਼ਤ

## ਘੱਟ ਲਾਗਤ ਨਾਲ ਵਧੇਰੇ ਆਮਦਨ ਦਾ ਨਵਾਂ ਰਾਹ

ਜਸਪ੍ਰੀਤ ਕੌਰ ਅਤੇ ਸ਼ਿਵਾਨੀ ਸ਼ਰਮਾ,
ਸੂਖਮਜੀਵ ਵਿਭਾਗ, ਪੀ. ਏ. ਯੂ.,
ਲੁਧਿਆਣਾ (ਮੋ. 88728-63025)

ਸਮੇਂ ਦੀ ਲੋੜ ਨੂੰ ਪਛਾਣਦੇ ਹੋਏ ਰਵਾਇਤੀ ਖੇਤੀ ਦੇ ਨਾਲ ਨਵੇਂ ਅਤੇ ਲਾਹੇਵੰਦ ਖੇਤੀਬਾੜੀ ਧੰਦੇ ਅਪਣਾਉਣਾ ਬਹੁਤ ਜ਼ਰੂਰੀ ਹੈ। ਵਧ ਰਹੀਆਂ ਖੇਤੀ ਲਾਗਤਾਂ ਅਤੇ ਘਟਦੇ ਮੁਨਾਫ਼ੇ ਦੇ ਮੱਦੇਨਜ਼ਰ ਖੁੰਬਾਂ ਦੀ ਕਾਸ਼ਤ ਕਿਸਾਨਾਂ ਲਈ ਵਾਧੂ ਆਮਦਨ ਦਾ ਇੱਕ ਵਧੀਆ ਸਾਧਨ ਬਣ ਸਕਦੀ ਹੈ। ਖੁੰਬਾਂ ਦੀ ਕਾਸ਼ਤ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਲਈ ਜ਼ਿਆਦਾ ਜ਼ਮੀਨ ਦੀ ਲੋੜ ਨਹੀਂ ਪੈਂਦੀ। ਘਰ ਦੇ ਖਾਲੀ ਕਮਰੇ, ਕੋਠੇ, ਛੋਟੇ ਪੱਧਰ 'ਤੇ ਬਣਾਏ ਕਮਰਿਆਂ ਵਿੱਚ ਵੀ ਇਸ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਘੱਟ ਜ਼ਮੀਨ ਵਾਲੇ ਕਿਸਾਨ ਵੀ ਇਸ ਧੰਦੇ ਨੂੰ ਸ਼ੁਰੂ ਕਰ ਸਕਦੇ ਹਨ। ਥੋੜ੍ਹੀ ਪੂੰਜੀ, ਵਿਗਿਆਨਕ ਸੋਚ ਅਤੇ ਸਹੀ ਸਿਖਲਾਈ ਨਾਲ ਖੁੰਬਾਂ ਦੀ ਕਾਸ਼ਤ ਰੁਜ਼ਗਾਰ ਅਤੇ ਆਮਦਨ ਦਾ ਨਵਾਂ ਰਾਹ ਖੋਲ੍ਹ ਸਕਦੀ ਹੈ। ਪੰਜਾਬ ਵਿੱਚ ਕਣਕ ਦੀ ਪਰਾਲੀ, ਤੂੜੀ ਅਤੇ ਹੋਰ ਖੇਤੀਬਾੜੀ ਰਹਿੰਦ-ਖੂੰਹਦ ਵੱਡੀ ਮਾਤਰਾ ਵਿੱਚ ਉਪਲਬਧ ਹੁੰਦੀ ਹੈ। ਕਿਸਾਨ ਇਸ ਨੂੰ ਖੁੰਬਾਂ ਦੀ ਕਾਸ਼ਤ ਵਿੱਚ ਕੱਚੇ ਮਾਲ ਵਜੋਂ ਵਰਤ ਕੇ ਆਮਦਨ ਦਾ ਸਾਧਨ ਬਣਾ ਸਕਦੇ ਹਨ। ਇਸ ਨਾਲ ਖੇਤੀ ਰਹਿੰਦ-ਖੂੰਹਦ ਦੀ ਸੁਚੱਜੀ ਵਰਤੋਂ ਹੁੰਦੀ ਹੈ ਅਤੇ ਇਸ ਨੂੰ ਸਾੜਨ ਦੀ ਲੋੜ ਵੀ ਘਟਦੀ ਹੈ। ਖੁੰਬਾਂ ਦੀ ਕਾਸ਼ਤ ਵਿੱਚ ਘੱਟ ਸਮੇਂ ਵਿੱਚ ਫ਼ਸਲ ਪ੍ਰਾਪਤ ਹੋਣਾ ਵੀ ਇੱਕ ਮਹੱਤਵਪੂਰਨ ਲਾਭ ਹੈ। ਵੱਖ-ਵੱਖ ਕਿਸਮਾਂ ਜਿਵੇਂ ਬਟਨ, ਢੀਂਗਰੀ, ਮਿਲਕੀ, ਪਰਾਲੀ ਅਤੇ ਸ਼ਿਟਾਕੀ ਖੁੰਬਾਂ ਆਦਿ ਨੂੰ ਮੌਸਮ ਅਤੇ ਉਪਲਬਧ ਸਹੂਲਤਾਂ ਅਨੁਸਾਰ ਚੁਣਿਆ ਜਾ ਸਕਦਾ ਹੈ। ਸਹੀ ਕਿਸਮ ਦੀ ਚੋਣ ਨਾਲ ਉਤਪਾਦਨ ਅਤੇ ਆਮਦਨ ਵਿੱਚ ਵਾਧਾ ਕੀਤਾ ਜਾ ਸਕਦਾ ਹੈ।



ਖੁੰਬਾਂ ਦੀ ਕਾਸ਼ਤ ਸਿਰਫ਼ ਕਿਸਾਨਾਂ ਲਈ ਹੀ ਨਹੀਂ, ਸਗੋਂ ਪੇਂਡੂ ਨੌਜਵਾਨਾਂ ਅਤੇ ਔਰਤਾਂ ਲਈ ਵੀ ਸਵੈ-ਰੁਜ਼ਗਾਰ ਦਾ ਵਧੀਆ ਮੌਕਾ ਹੈ। ਇਸ ਕੰਮ ਨੂੰ ਛੋਟੇ ਪੱਧਰ ਤੋਂ ਸ਼ੁਰੂ ਕਰਕੇ ਹੌਲੀ-ਹੌਲੀ ਵਧਾਇਆ ਜਾ ਸਕਦਾ ਹੈ। ਘਰ ਵਿੱਚ ਰਹਿ ਕੇ ਔਰਤਾਂ ਵੀ ਇਸ ਧੰਦੇ ਵਿੱਚ ਯੋਗਦਾਨ ਪਾ ਸਕਦੀਆਂ ਹਨ। ਸਵੈ-ਸਹਾਇਤਾ ਸਮੂਹ ਬਣਾ ਕੇ ਖੁੰਬ ਉਤਪਾਦਨ ਨੂੰ ਇੱਕ ਸਾਂਝੇ ਕਾਰੋਬਾਰ ਵਜੋਂ ਵੀ ਅਪਣਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਤਾਜ਼ੀਆਂ ਖੁੰਬਾਂ ਦੀ ਵਿਕਰੀ ਦੇ ਨਾਲ ਉਨ੍ਹਾਂ ਤੋਂ ਮੁੱਲ-ਵਧਾਏ ਉਤਪਾਦ ਵੀ ਤਿਆਰ ਕੀਤੇ ਜਾ ਸਕਦੇ ਹਨ। ਖੁੰਬਾਂ ਤੋਂ ਅਚਾਰ, ਸੂਪ, ਪਾਊਡਰ ਅਤੇ ਹੋਰ ਉਤਪਾਦ ਤਿਆਰ ਕਰਕੇ ਉਨ੍ਹਾਂ ਨੂੰ ਬਾਜ਼ਾਰ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸ ਨਾਲ ਉਤਪਾਦਨ ਤੋਂ ਅੱਗੇ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਰਾਹੀਂ ਵਾਧੂ ਆਮਦਨ ਦੇ ਮੌਕੇ ਪੈਦਾ ਹੁੰਦੇ ਹਨ। ਖੁੰਬਾਂ ਦੀ ਸਫ਼ਲ ਕਾਸ਼ਤ ਲਈ ਸਿਰਫ਼ ਉਤਸ਼ਾਹ ਹੀ ਕਾਫ਼ੀ ਨਹੀਂ ਹੈ। ਸਫ਼ਾਈ, ਤਾਪਮਾਨ, ਨਮੀ ਹਵਾਦਾਰੀ, ਗੁਣਵੱਤਾ ਵਾਲੇ ਬੀਜ/ਸਪਾਨ ਅਤੇ ਸਹੀ ਕਾਸ਼ਤ ਤਕਨੀਕ ਬਾਰੇ ਪੂਰੀ ਜਾਣਕਾਰੀ ਹੋਣੀ ਜ਼ਰੂਰੀ ਹੈ। ਕਿਸਾਨਾਂ ਨੂੰ ਪ੍ਰਮਾਣਿਤ ਅਤੇ ਗੁਣਵੱਤਾ ਵਾਲਾ ਸੌਪਾਨ ਵਰਤਣਾ ਚਾਹੀਦਾ ਹੈ ਅਤੇ ਕਾਸ਼ਤ ਤੋਂ ਪਹਿਲਾਂ ਉਚਿਤ ਸਿਖਲਾਈ ਲੈਣੀ ਚਾਹੀਦੀ ਹੈ। ਕਿਸਾਨ ਖੁੰਬਾਂ ਦੀ ਕਾਸ਼ਤ ਸ਼ੁਰੂ ਕਰਨ ਤੋਂ ਪਹਿਲਾਂ ਖੇਤੀਬਾੜੀ ਯੂਨੀਵਰਸਿਟੀ, ਖੇਤੀ ਵਿਗਿਆਨ ਕੇਂਦਰਾਂ ਅਤੇ ਮਾਹਿਰਾਂ ਤੋਂ ਤਕਨੀਕੀ ਸਲਾਹ ਲੈ ਸਕਦੇ ਹਨ। ਵਿਗਿਆਨਕ ਤਰੀਕਿਆਂ ਦੀ ਪਾਲਣਾ ਕਰਕੇ ਉਤਪਾਦਨ ਦੀ ਗੁਣਵੱਤਾ ਅਤੇ ਸਫ਼ਲਤਾ ਦੀ ਸੰਭਾਵਨਾ ਵਧਾਈ ਜਾ ਸਕਦੀ ਹੈ।

ਸੋ, ਆਓ ਸਮੇਂ ਦੀ ਧੜਕਣ ਨੂੰ ਅੱਜ ਪਛਾਣੀਏ,<br>
ਖੁੰਬਾਂ ਦੀ ਖੇਤੀ ਰਾਹੀਂ ਨਵੀਆਂ ਸੰਭਾਵਨਾਵਾਂ ਨੂੰ ਜਾਣੀਏ<br>
ਘੱਟ ਸ਼ਰਤਾਂ ਨਾਲ ਵੱਧ ਆਮਦਨ ਦਾ ਇਹ ਸਦਰ ਕਿੱਤਾ,<br>
ਪਿੰਡਾਂ ਦੀ ਖੁਸ਼ਹਾਲੀ ਦਾ ਰਾਹ- ਖੂੰਬਾਂ, ਸਫ਼ਲ ਸਹਾਇਕ ਕਿੱਤਾ

ਖੁੰਬਾਂ ਦੀ ਕਾਸ਼ਤ ਲਈ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਸਮੇਂ-ਸਮੇਂ 'ਤੇ ਟ੍ਰੇਨਿੰਗ ਕੈਂਪਾਂ ਦਾ ਆਯੋਜਨ ਕਰਦੀ ਰਹਿੰਦੀ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਵਿਧੀ ਨਾਲ ਖੇਤੀ ਰਹਿੰਦ ਖੂੰਹਦ ਤੋਂ ਪੈਸਾ ਕਮਾ ਸਕਣ।

ਇਸ ਤੋਂ ਇਲਾਵਾ, ਸੂਖਮਜੀਵ ਵਿਭਾਗ ਵਲੋਂ ਖੁੰਬਾਂ ਦਾ ਬੀਜ (100 ਰੁਪਏ ਪ੍ਰਤੀ ਕਿਲੋ) ਕਿਸਾਨਾਂ ਨੇ 30 ਦਿਨਾਂ ਦੀ ਐਗਰੀ ਬੁਕਿੰਗ 'ਤੇ ਮੁਹੱਈਆ ਵੀ ਕਰਵਾਇਆ ਜਾਂਦਾ ਹੈ।

----- ਬਾਕੀ ਸਫਾ 2 ਦੀ -----

# ਚੂਹਿਆਂ ਤੋਂ ਬਚਾਉਣ ਲਈ ਸਰਵਪੱਖੀ ਪ੍ਰਬੰਧਨ

ਖ਼ਾਸ ਕਰਕੇ ਸੰਘਣੇ ਨਦੀਨਾਂ ਅਤੇ ਘਾਹ ਵਾਲੀਆਂ ਥਾਵਾਂ ਤੇ ਖੁੱਡਾਂ ਬਣਾਉਂਦੇ ਹਨ। ਇਹ ਖੁੱਡਾਂ ਜੜ੍ਹਾਂ ਨੂੰ ਕੱਟ ਕੇ ਨੁਕਸਾਨ ਪਹੁੰਚਾਉਂਦੀਆਂ ਹਨ, ਜਿਸ ਕਾਰਨ ਪੌਦੇ ਕਮਜ਼ੋਰ ਹੋ ਕੇ ਸੁੱਕਣ ਲੱਗ ਪੈਂਦੇ ਹਨ। ਬਾਗਾਂ ਨੂੰ ਨਦੀਨਾਂ ਅਤੇ ਘਾਹ ਤੋਂ ਸਾਫ਼ ਰੱਖੋ ਅਤੇ ਚੂਹਿਆਂ ਦੀ ਰੋਕਥਾਮ ਲਈ ਖੁੱਡਾਂ ਵਿੱਚ 10-10 ਗ੍ਰਾਮ ਜ਼ਿੰਕ ਫਾਸਫਾਈਡ ਜਾਂ ਬਰੋਮਾਡੀਓਲੋਨ ਦਾ ਚੋਗਾ ਰੱਖੋ।



**ਜ਼ਹਿਰੀਲੇ ਚੋਗੇ ਦੀ ਵਰਤੋਂ ਸਮੇਂ ਸਾਵਧਾਨੀਆਂ**

1. ਚੂਹੇਮਾਰ ਜ਼ਹਿਰ ਦੀ ਵਰਤੋਂ ਕਰਨ ਤੋਂ ਪਹਿਲਾਂ ਹਮੇਸ਼ਾ ਉਸ ਦੇ ਲੇਬਲ ਉੱਪਰ ਦਿੱਤੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਪਾਲਣਾ ਕਰੋ।

2. ਜ਼ਹਿਰੀਲੇ ਚੋਗੇ ਨੂੰ ਤਿਆਰ ਕਰਦੇ ਜਾਂ ਵਰਤਦੇ ਸਮੇਂ ਕੁਝ ਨਾ ਖਾਓ, ਨਾ ਪੀਓ ਅਤੇ ਨਾ ਹੀ ਸਿਗਰਟ ਜਾਂ ਬੀੜੀ ਪੀਓ। ਕੰਮ ਮੁਕੰਮਲ ਹੋਣ ਤੋਂ ਬਾਅਦ ਆਪਣੇ ਹੱਥ ਸਾਬਣ ਅਤੇ ਸਾਫ਼ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ।

3. ਜ਼ਹਿਰੀਲਾ ਚੋਗਾ ਹਮੇਸ਼ਾ ਇਸ ਕੰਮ ਲਈ ਵੱਖਰੇ ਰੱਖੇ ਬਰਤਨਾਂ ਵਿੱਚ ਹੀ ਤਿਆਰ ਕਰੋ ਅਤੇ ਘਰੇਲੂ ਬਰਤਨਾਂ ਦੀ ਵਰਤੋਂ ਨਾ ਕਰੋ।

4. ਚੂਹੇਮਾਰ ਜ਼ਹਿਰਾਂ ਨੂੰ ਬੱਚਿਆਂ, ਪਾਲਤੂ ਜਾਨਵਰਾਂ, ਖਾਣ-ਪੀਣ ਵਾਲੀਆਂ ਵਸਤੂਆਂ ਅਤੇ ਪੀਣ ਵਾਲੇ ਪਾਣੀ ਤੋਂ ਦੂਰ ਅਤੇ ਸੁਰੱਖਿਅਤ ਥਾਂ ਤੇ ਰੱਖੋ।

5. ਮਰੇ ਹੋਏ ਚੂਹਿਆਂ ਨੂੰ ਇਕੱਠਾ ਕਰਕੇ ਡੂੰਘਾ ਦੱਬ ਦਿਓ ਤਾਂ ਜੋ ਪਾਲਤੂ ਅਤੇ ਜੰਗਲੀ ਜਾਨਵਰ ਉਨ੍ਹਾਂ ਨੂੰ ਖਾ ਕੇ ਜ਼ਹਿਰ ਦਾ ਸ਼ਿਕਾਰ ਨਾ ਹੋਣ।

6. ਖਾਲੀ ਡੱਬਿਆਂ ਅਤੇ ਬਚੇ ਹੋਏ ਚੂਹੇਮਾਰ ਜ਼ਹਿਰ ਦਾ ਸੁਰੱਖਿਅਤ ਢੰਗ ਨਾਲ ਨਿਪਟਾਰਾ ਕਰੋ।

7. ਜੇਕਰ ਗਲਤੀ ਨਾਲ ਕਿਸੇ ਮਨੁੱਖ ਜਾਂ ਪਸ਼ੂ ਨੇ ਚੂਹਾਮਾਰ ਜ਼ਹਿਰ ਖਾ ਲਿਆ ਹੋਵੇ, ਤਾਂ ਤੁਰੰਤ ਨੇੜਲੇ ਡਾਕਟਰ ਜਾਂ ਪਸ਼ੂਆਂ ਦੇ ਡਾਕਟਰ ਨਾਲ ਸੰਪਰਕ ਕਰੋ।

**ਸਰਵਪੱਖੀ ਚੂਹਾ ਪ੍ਰਬੰਧਨ** : ਚੂਹਿਆਂ ਦੀ ਪ੍ਰਭਾਵਸ਼ਾਲੀ ਰੋਕਥਾਮ ਲਈ ਕਿਸੇ ਇੱਕ ਤਰੀਕੇ ਤੇ ਨਿਰਭਰ ਰਹਿਣਾ ਠੀਕ ਨਹੀਂ। ਜਿਹੜੇ ਚੂਹੇ ਕਿਸੇ ਕਾਰਨ ਬਚ ਜਾਂਦੇ ਹਨ, ਉਹ ਬਹੁਤ ਤੇਜ਼ੀ ਨਾਲ ਪ੍ਰਜਨਨ ਕਰਦੇ ਹਨ ਅਤੇ ਕੁਝ ਹੀ ਸਮੇਂ ਵਿੱਚ ਉਨ੍ਹਾਂ ਦੀ ਗਿਣਤੀ ਮੁੜ ਵੱਧ ਜਾਂਦੀ ਹੈ। ਇਸ ਲਈ ਚੂਹਿਆਂ ਦੀ ਲੰਬੇ ਸਮੇਂ ਤੱਕ ਪ੍ਰਭਾਵਸ਼ਾਲੀ ਰੋਕਥਾਮ ਲਈ ਸਰਵਪੱਖੀ ਚੂਹਾ ਪ੍ਰਬੰਧਨ ਅਪਣਾਉਣਾ ਚਾਹੀਦਾ ਹੈ। ਇਸ ਵਿੱਚ ਰਵਾਇਤੀ, ਫੜਨ ਤੇ ਮਾਰਨ ਦੇ ਤਰੀਕੇ, ਕੁਦਰਤੀ ਅਤੇ ਰਸਾਇਣਕ ਤਰੀਕਿਆਂ ਨੂੰ ਫ਼ਸਲ ਦੀ ਅਵਸਥਾ ਅਤੇ ਚੂਹਿਆਂ ਦੀ ਗਿਣਤੀ ਦੇ ਅਨੁਸਾਰ ਮਿਲਾ ਕੇ ਵਰਤਿਆ ਜਾਂਦਾ ਹੈ। ਇਸ ਤਰੀਕੇ ਨਾਲ ਨਾ ਸਿਰਫ਼ ਚੂਹਿਆਂ ਦਾ ਨੁਕਸਾਨ ਘਟਦਾ ਹੈ, ਸਗੋਂ ਫ਼ਸਲ ਦੀ ਪੈਦਾਵਾਰ ਅਤੇ ਗੁਣਵੱਤਾ ਵਿੱਚ ਵੀ ਸੁਧਾਰ ਹੁੰਦਾ ਹੈ।

----- ਬਾਕੀ ਸਫਾ 3 ਦੀ -----

# ਇਕ ਵਿਲੱਖਣ ਸ਼ਖ਼ਸੀਅਤ ਸਨ ਮਹਿੰਦਰ ਸਿੰਘ ਦੁਸਾਂਝ

ਖੇਤੀ ਵਿੱਚ ਹੀ ਸੁਧਾਰ ਨਹੀਂ ਕੀਤਾ ਸਗੋਂ ਦੂਜੇ ਕਿਸਾਨਾਂ ਨੂੰ ਪ੍ਰੇਰ ਕੇ ਵਿਗਿਆਨਕ ਖੇਤੀ ਦੇ ਲੜ ਲਾਇਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਲੋਂ ਜਦੋਂ 1977 ਵਿੱਚ ਰੂਰਲ ਵਲੰਟੀਅਰ ਕੋਰ ਸਥਾਪਿਤ ਕੀਤੀ ਗਈ ਤਾਂ ਸਰਬਸੰਮਤੀ ਨਾਲ ਮਹਿੰਦਰ ਜਲੰਧਰ ਜ਼ਿਲ੍ਹੇ ਦਾ ਕਨਵੀਰਨ ਚੁਣਿਆ ਗਿਆ। ਦੁਸਾਂਝ ਨੇ ਪਿੰਡ-ਪਿੰਡ ਜਾ ਕੇ ਕਿਸਾਨਾਂ ਨੂੰ ਵਿਗਿਆਨਕ ਖੇਤੀ ਬਾਰੇ ਜਾਣਕਾਰੀ ਦਿੱਤੀ। ਸਾਰੇ ਬਲਾਕਾਂ ਵਿੱਚ ਕਿਸਾਨ ਸਿਖਲਾਈ ਕੈਂਪ ਲਗਵਾਏ। ਉਸ ਦੇ ਕੰਮ ਤੋਂ ਪ੍ਰਭਾਵਿਤ ਹੋ ਕੇ 1980 ਵਿੱਚ ਇਸੇ ਸੰਸਥਾ ਦਾ ਉਹ ਰਾਜ ਪੱਧਰ ਦਾ ਸਕੱਤਰ ਬਣਿਆ। ਉਸ ਨੇ ਅਤੇ ਉਸ ਦੀ ਘਰਵਾਲੀ ਨੇ ਬੀਬੀਆਂ ਲਈ ਵਿਸ਼ੇਸ਼ ਕੈਂਪ ਲਗਾਏ। ਕਿਸਾਨਾਂ ਨੂੰ ਨਵੇਂ ਗਿਆਨ ਅਪਨਾਉਣ ਲਈ ਪ੍ਰੇਰਨਾ ਕਰਨ ਦੇ ਨਾਲੋਂ ਨਾਲ ਇਹ ਵੀ ਜ਼ਰੂਰੀ ਹੋ ਜਾਂਦਾ ਹੈ ਇਨ੍ਹਾਂ ਨੂੰ ਅਪਨਾਉਣ ਲਈ ਖੇਤੀ ਲੋੜਾਂ ਵੀ ਪ੍ਰਾਪਤ ਹੋਣ। ਇਹ ਸ਼ੁੱਧ ਅਤੇ ਠੀਕ ਕੀਮਤ



ਉੱਤੇ ਪ੍ਰਾਪਤ ਹੋਣ। ਇਸੇ ਮੰਤਵ ਲਈ ਮਈ 1979 ਵਿੱਚ ਮੁਕੰਦਪੁਰ ਵਿਖੇ ਪੰਜਾਬ ਨੌਜਵਾਨ ਕਿਸਾਨ ਸੰਸਥਾ ਦੀ ਅਗਵਾਈ ਹੇਠ 'ਨਾ ਘਾਟਾ ਨਾ ਨਫ਼ਾ' ਦੀ ਓਟ ਲੈ ਕੇ ਕੀੜੇ ਮਾਰ ਜ਼ਹਿਰਾਂ ਅਤੇ ਬੀਜਾਂ ਦਾ ਸਟੋਰ ਖੇਤੀਬਾੜੀ ਸੇਵਾ ਕੇਂਦਰ ਦੇ ਨਾਮ ਹੇਠ ਚਾਲੂ ਕੀਤਾ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ 1985 ਵਿੱਚ ਇਨ੍ਹਾਂ ਨੂੰ ਕਿਸਾਨ ਮੇਲੇ ਸਮੇਂ ਸਨਮਾਨਿਤ ਕੀਤਾ। ਵਿਸ਼ਵ ਖੁਰਾਕ ਸੰਸਥਾ ਵਲੋਂ ਉਸ ਨੂੰ ਵਿਸ਼ਵ ਖੁਰਾਕ ਦਿਵਸ ਮੌਕੇ ਸਨਮਾਨਿਤ ਕੀਤਾ ਗਿਆ। ਉਸ ਨੇ ਵਿਸ਼ਵ ਦੇ ਉਨਤ ਦੇਸ਼ਾਂ ਜਿਵੇਂ ਕਿ ਅਮਰੀਕਾ, ਇੰਗਲੈਂਡ, ਯੂਰੋਪ ਆਦਿ ਵਿੱਚ ਜਾ ਕੇ ਉਥੋਂ ਦੇ ਖੇਤੀ ਨੂੰ ਘੋਖਿਆ ਅਤੇ ਨਵੇਂ ਗਿਆਨ ਨੂੰ ਪ੍ਰਾਪਤ ਕਰਕੇ ਆਪਣੇ ਖੇਤਾਂ ਵਿੱਚ ਅਪਣਾਇਆ।

ਮਹਿੰਦਰ ਸਿੰਘ ਕਿਸੇ ਵਿਸ਼ੇਸ਼ ਮਿੱਟੀ ਦਾ ਹੀ ਬਣਿਆ ਹੋਇਆ ਸੀ। ਖੇਤੀ ਦਾ ਸਾਰਾ ਕੰਮ ਆਪ ਕਰਦਾ ਸੀ। ਪਰ ਦੂਜਿਆਂ ਦੇ ਕੰਮ ਆਉਣ ਲਈ ਹਮੇਸ਼ਾਂ ਤਿਆਰ ਰਹਿੰਦਾ ਸੀ। ਉਹ ਰਜ ਕੇ ਇਮਾਨਦਾਰ ਅਤੇ ਮਿਹਨਤੀ ਸੀ। ਜਦੋਂ ਉਸ ਨੂੰ ਵਿਸ਼ਵ ਕਣਕ ਇਨਾਮ ਮਿਲਿਆ ਤਾਂ ਉਸ ਨਾਲ ਸੰਬੰਧਿਤ ਦਸਤਾਵੇਜ਼, ਟਿਕਟ ਤੇ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਨੇ ਚੰਡੀਗੜ੍ਹ ਬੁਲਾਇਆ। ਉਹ ਇਸ ਨੂੰ ਪਿੰਡ ਤੋਂ ਚੰਡੀਗੜ੍ਹ ਆਉਣ ਲਈ ਟੈਕਸੀ ਦਾ ਕਿਰਾਇਆ ਦੇਣ ਲੱਗੇ ਤਾਂ ਇਸ ਨੂੰ ਲੈਣ ਤੋਂ ਇਹ ਆਖ ਨਾਂਹ ਕਰ ਦਿੱਤੀ ਕਿ ਮੈਂ ਬਸ ਵਿੱਚ ਆਇਆ ਹਾਂ। ਸ: ਮਨੋਹਰ ਸਿੰਘ ਗਿੱਲ ਦਸਦੇ ਹੁੰਦੇ ਸਨ ਕਿ ਇਨਾਮ ਲੈਣ ਵਾਸਤੇ ਭੇਜਣ ਲਈ ਇਕ ਤਰ੍ਹਾਂ ਨਾਲ ਇਸ ਨੂੰ ਚੁੱਕ ਕੇ ਜਹਾਜ਼ ਵਿੱਚ ਚੜ੍ਹਾਇਆ ਗਿਆ ਸੀ। ਜਦੋਂ ਨਵਾਂ ਸ਼ਹਿਰ ਜ਼ਿਲ੍ਹਾ ਬਣਿਆ ਤਾਂ ਇਨ੍ਹਾਂ ਨੇ ਸਾਰੇ ਪਿੰਡਾਂ ਵਿੱਚ ਖੇਤੀ ਤੇ ਪੇਂਡੂ ਵਿਕਾਸ ਅਤੇ ਸਮਾਜ ਸੁਧਾਰ ਦੀ ਲਹਿਰ ਚਲਾਈ। ਜਿਤਨੀਆਂ ਵੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾਵਾਂ ਇਸ ਪਾਸੇ ਕੰਮ ਕਰਦੀਆਂ ਹਨ ਇਹ ਉਨ੍ਹਾਂ ਦੇ ਮੈਂਬਰ ਜਾਂ ਅਹੁਦੇਦਾਰ ਸਨ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤੋਂ ਲੈ ਕੇ ਹੇਠਾਂ ਤੱਕ ਸਾਰੇ ਕਰਮਚਾਰੀ ਦੁਸਾਂਝ ਦਾ ਸਤਿਕਾਰ ਕਰਦੇ ਸਨ। ਇਨ੍ਹਾਂ ਦਾ ਫਾਰਮ ਵੇਖਣ ਲਈ ਕਿਸਾਨ ਅਤੇ ਅਧਿਕਾਰੀ ਆਉਂਦੇ ਹੀ ਰਹਿੰਦੇ ਸਨ। ਇਨ੍ਹਾਂ ਕਦੇ ਮੱਥੇ ਵੱਟ ਨਹੀਂ ਪਾਇਆ ਸਗੋਂ ਹੁੱਬ ਕੇ ਪੂਰੀ ਆਓਭਗਤ ਕਰਦੇ ਸਨ। ਉਹ ਨੇ ਜਾਣ ਲੱਗਿਆਂ ਚੁੱਪ ਚਪੀਤੇ ਉਨ੍ਹਾਂ ਦੀ ਕਾਰ ਵਿੱਚ ਖੇਤ ਦੀਆਂ ਤਾਜੀਆਂ ਸਬਜ਼ੀਆਂ ਅਤੇ ਫਲ ਰੱਖ ਦਿੰਦੇ ਸਨ। ਮੈਨੂੰ ਆਪਣਾ ਪਿੰਡ ਛੱਡਿਆਂ ਕਈ ਸਾਲ ਹੋ ਗਏ ਹਨ ਪਰ ਹੁਣ ਵੀ ਜਦੋ ਉਹ ਨਵਾਂ ਸ਼ਹਿਰ ਜ਼ਿਲ੍ਹੇ ਦੇ ਪ੍ਰਾਪਤੀਆਂ ਕਰਨ ਵਾਲੇ ਵਿਅਕਤੀਆਂ ਦੀ ਸੂਚੀ ਬਣਾਉਂਦੇ ਹਨ ਤਾਂ ਮੇਰਾ ਨਾਮ ਉਸ ਵਿੱਚ ਜ਼ਰੂਰ ਦਰਜ ਕਰ ਦਿੰਦੇ ਹਨ। ਉਸ ਦੇ ਚਲੇ ਜਾਣ ਨਾਲ ਪੰਜਾਬ ਦੀ ਖੇਤੀ ਅਤੇ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅਸਲ ਵਿੱਚ ਉਸ ਵਰਗੇ ਮਿਹਨਤੀ, ਮਿਲਾਪੜੇ ਸੁਭਾਅ ਅਤੇ ਸਾਦਗੀ ਪਸੰਦ ਬੰਦਿਆਂ ਦੀ ਘਾਟ ਪੂਰੀ ਕਰਨਾ ਔਖਾ ਹੋ ਰਿਹਾ ਹੈ। ਹਰੇ ਇਨਕਲਾਬ ਦੀ ਸਿਰਜਣਾ ਵਿਚ ਜਿਹੜੇ ਕਿਸਾਨਾਂ ਨੇ ਮੋਢੀ ਭੂਮਿਕਾ ਨਿਭਾਈ ਸੀ ਉਹ ਹੌਲੀ-ਹੌਲੀ ਅਲੋਪ ਹੋ ਰਹੇ ਹਨ। ਇੰਝ ਇੱਕ ਯੁੱਗ ਦਾ ਅੰਤ ਹੋ ਰਿਹਾ ਹੈ। ਜਿਨ੍ਹਾਂ ਨੇ ਬਲਦਾਂ ਵਾਲੀ ਰਿਵਾਇਤੀ ਖੇਤੀ ਵੀ ਕੀਤੀ ਤੇ ਵਿਗਿਆਨਕ ਖੇਤੀ ਵਿੱਚ ਵੀ ਅਹਿਮ ਭੂਮਿਕਾ ਨਿਭਾਈ। ਰਵਾਇਤੀ ਖੇਤੀ ਦੇ ਇਤਿਹਾਸ ਸੰਭਾਲਣ ਲਈ ਉਨ੍ਹਾਂ ਖੇਤੀ ਦਾ ਬਾਰਮਾਂਹ ਲਿਖਿਆ ਜਿਸ ਤੇ ਵਿਚਾਰ ਕਰਨ ਲਈ ਅਸੀਂ ਲਗਭਗ ਹਰ ਹਫ਼ਤੇ ਹੀ ਸੰਚਾਰ ਕੇਂਦਰ ਵਿੱਚ ਮਿਲਦੇ ਸਾਂ। ਇਸ ਪੁਸਤਕ ਵਿੱਚ ਕੇਵਲ ਰਿਵਾਇਤੀ ਖੇਤੀ ਦੇ ਢੰਗ ਤਰੀਕੇ ਹੀ ਨਹੀਂ ਦੱਸੇ ਗਏ ਸਗੋਂ ਸਿਆਣਿਆਂ ਦੀਆਂ ਸਿਆਣਪਾਂ ਵੀ ਦਰਜ ਕੀਤੀਆਂ ਗਈਆਂ ਹਨ। ਅੱਜ ਦੀ ਖੇਤੀ ਨੂੰ ਨਵਾਂ ਮੋੜ ਦੇਣ ਲਈ ਬਹੁਤ ਹੀ ਵਧੀਆ ਸੁਝਾਅ ਦਿੰਦੇ ਹਨ ਜਿਨ੍ਹਾਂ ਨੂੰ ਅਖਬਾਰਾਂ ਨੇ ਛਾਪਿਆ ਤੇ ਇਨ੍ਹਾਂ ਨੇ ਸੈਮੀਨਾਰਾਂ ਵਿੱਚ ਉਚਾਰਿਆ। ਮਹਿੰਦਰ ਸਿੰਘ ਦੁਸਾਂਝ ਕੋਈ 86 ਸਾਲ ਦੀ ਭਰਪੂਰ ਉਮਰ ਭੋਗ ਕੇ ਇਸ ਸੰਸਾਰ ਤੋਂ ਵਿਦਾ ਹੋਏ ਹਨ। ਉਨ੍ਹਾਂ ਦਾ ਜੀਵਨ ਸਾਡੀ ਨਵੀਂ ਪੀੜ੍ਹੀ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣਿਆ ਰਹੇਗਾ।

# ਨਰਮੇ ਦੇ ਰਸ ਚੂਸਣ ਵਾਲੀ ਗੁਲਾਬੀ ਸੁੰਡੀ, ਚਿੱਟੀ ਮੱਖੀ ਅਤੇ ਹਰੇ ਤੇਲੇ ਦੀ ਰੋਕਥਾਮ

**ਅਗਸਤ ਤੋਂ ਅੱਧ ਅਕਤੂਬਰ ਤੱਕ ਦੋ ਖਤਰਨਾਕ ਵੈਰੀ ਰਸ ਚੂਸਣ ਵਾਲੇ ਕੀੜੇ ਜਿਵੇਂ ਚਿੱਟੀ ਮੱਖੀ ਅਤੇ ਹਰਾ ਤੇਲਾ ਵੀ ਬਹੁਤ ਨੁਕਸਾਨ ਕਰਦਾ ਹੈ । ਇਨ੍ਹਾਂ ਦੇ ਹਮਲੇ ਦੀ ਪਛਾਣ ਅਤੇ ਰੋਕਥਾਮ ਬਾਰੇ ਵੇਰਵਾ ਹੇਠ ਦਿੱਤਾ ਜਾ ਰਿਹਾ ਹੈ ।**

ਡਾ. ਡੀ. ਡੀ. ਨਾਰੰਗ, ਸਾਬਕਾ ਕੀਟ ਵਿਗਿਆਨੀ, ਪੀ. ਏ. ਯੂ., ਲੁਧਿਆਣਾ (ਮੋ. 9464720231)




## ਚਿੱਟੀ ਮੱਖੀ

ਇਹ ਕੀੜਾ ਆਮ ਤੌਰ 'ਤੇ ਜੁਲਾਈ ਤੋਂ ਸਤੰਬਰ ਮਹੀਨੇ ਬਹੁਤ ਨੁਕਸਾਨ ਕਰਦਾ



ਹੈ । ਮਾਦਾ ਮੱਖੀ ਪੱਤਿਆਂ ਦੇ ਹੇਠਲੇ ਪਾਸੇ ਅੰਡੇ ਦਿੰਦੀ ਹੈ । ਚਪਟੇ ਪੀਲੇ ਰੰਗ ਦੇ ਅੰਡੇ ਡੰਡੀ ਦੇ ਨਾਲ ਪੱਤੇ ਦੇ ਥੱਲੜੇ ਪਾਸੇ ਰਹਿੰਦੇ ਹਨ । ਛੋਟੇ ਬੱਚੇ ਅੰਡੇ ਦੀ ਸ਼ਕਲ ਦਾ ਹੁੰਦਾ ਹੈ ਅਤੇ ਇਸ ਦਾ ਰੰਗ ਫਿੱਕਾ ਪੀਲਾ ਅਤੇ ਸਰੀਰ ਉੱਪਰ ਕੰਡੇ ਹਨ । ਇਸ ਦੀਆਂ ਲਾਲ ਅੱਖਾਂ ਨਜ਼ਰ ਆਉਣ ਲੱਗ ਜਾਂਦੀਆਂ ਹਨ । ਪਹਿਲੀ ਅਵਸਥਾ ਵਿਚ ਬੱਚੇ ਥੋੜ੍ਹਾ ਤੁਰ ਸਕਦੇ ਹਨ ਤੇ ਬਾਅਦ ਵਿਚ ਪੱਤੇ ਦੇ ਹੇਠਲੇ ਪਾਸੇ ਚਿਪਕ ਕੇ ਬੈਠ ਜਾਂਦੇ ਹਨ । ਮੱਖੀ ਦਾ ਸਰੀਰ ਪੂਰੀ ਤਰ੍ਹਾਂ ਲਾਲ ਚਿੱਟੇ ਰੰਗ ਦੇ ਪਾਊਡਰ ਨਾਲ ਢੱਕਿਆ ਹੁੰਦਾ ਹੈ । ਇਸ ਮੱਖੀ ਛੋਟੀ ਉਡਾਨ ਭਰ ਸਕਦੀ ਹੈ ਸਿਰਫ ਇਕ ਤੋਂ ਦੂਸਰੇ ਬੂਟੇ ਉੱਪਰ ਜਾ ਸਕਦੀ ਹੈ ਅਤੇ ਬੱਚੇ ਦੋਨੋਂ ਹੀ ਪੱਤੇ ਹੀ ਹੇਠਲੀ ਸਤਹਿ ਤੋਂ ਰਸ ਚੂਸਦੇ ਹਨ, ਜਿਸ ਕਰਕੇ ਪੱਤੇ ਦੀ ਉਪਰਲੀ ਸਤਹਿ 'ਤੇ ਪੀਲੇ ਧੱਬੇ ਪੈ ਜਾਂਦੇ ਹਨ ਅਤੇ ਪੱਤੇ ਪੂਰੇ ਬਣਨ ਤੋਂ ਪਹਿਲਾਂ ਹੀ ਝੜ ਜਾਂਦੇ ਹਨ । ਬੱਚੇ ਬੂਟੇ ਦੇ ਵਿਚਕਾਰ ਵਾਲੇ ਹਿੱਸਿਆਂ 'ਤੇ ਪੱਤਿਆਂ ਦੇ ਉੱਪਰ ਜ਼ਿਆਦਾ ਮਿਲਦੇ ਹਨ, ਜਦਕਿ ਬਾਲਗ ਮੱਖੀਆਂ ਬੂਟੇ ਦੀਆਂ ਨਰਮ ਕਰੂਬਲਾਂ ਅਤੇ ਪਤਿਆਂ 'ਤੇ ਜ਼ਿਆਦਾ ਹੁੰਦੀਆਂ ਹਨ । ਜਵਾਨ ਅਤੇ ਬੱਚੇ ਦੋਨੋਂ ਹੀ ਬੂਟਿਆਂ ਦੇ ਉਪਰਲੇ ਹਿੱਸਿਆਂ ਤੇ ਆਪਣਾ ਮਲ ਤਿਆਗ ਕਰਦੇ ਹਨ, ਜੋ ਕਿ ਚਿਪਚਿਪਾ ਹੁੰਦਾ ਹੈ । ਇਸ ਉੱਪਰ ਕਾਲੀ ਉੱਲੀ ਲਗ ਜਾਂਦੀ ਹੈ ।

ਅਜਿਹੇ ਬੂਟੇ ਲੋੜੀਂਦਾ ਭੋਜਨ ਤਿਆਰ ਕਰਨ ਵਿਚ ਅਸਮਰਥ ਹੋ ਜਾਂਦੇ ਹਨ । ਟੀਂਡੇ ਪੂਰੀ ਤਰ੍ਹਾਂ ਨਹੀਂ ਖਿੜਦੇ ਤੇ ਨਰਮਾ ਕਾਲੀ ਉੱਲੀ ਲੱਗਣ ਤੇ ਕਾਲਾ ਪੈ ਜਾਂਦਾ ਹੈ । ਇਹ ਮੱਖੀ ਨਰਮੇ ਵਿਚ ਪੱਤਾ ਮਰੋੜ ਰੋਗ (ਲੀਫ ਕਰਲ) ਜੋ ਕਿ ਵਿਸ਼ਾਣੂੰ ਰੋਗ ਹੈ,) ਨੂੰ ਵੀ ਫੈਲਾਉਂਦੀ ਹੈ । ਇਸ ਰੋਗ ਲੱਗਣ ਨਾਲ ਪੱਤਿਆਂ ਦੀਆਂ ਨਾੜਾਂ ਫੈਲ ਜਾਂਦੀਆਂ ਹਨ ਅਤੇ ਪੱਤੇ ਉੱਪਰ ਜਾਂ ਹੇਠਾਂ ਨੂੰ ਮੁੜ ਜਾਂਦੇ ਹਨ ।

**ਖਾਸ ਚੇਤਾਵਨੀ** : ਕਈ ਵਾਰ ਚਿੱਟੀ ਮੱਖੀ ਰਸ ਚੂਸਣ ਵਾਲਾ ਕੀੜਾ ਅਗਸਤ ਤੋਂ ਅਕਤੂਬਰ ਤੱਕ, ਢੁੱਕਵੇਂ ਮੌਸਮ ਨਾਲ ਮਹਾਂਮਾਰੀ ਦੀ ਰੂਪ ਧਾਰਨ ਕਰ ਲੈਂਦੀ ਹੈ । ਜੇ ਇਸ ਵੈਰੀ ਕੀੜੇ ਦੀ ਗਿਣਤੀ ਲਗਾਤਾਰ ਵਧ ਰਹੀ ਹੋਵੇ ਤਾਂ ਹੇਠ ਦੱਸਿਆਂ ਕੀਟ ਨਾਸ਼ਕਾਂ ਦਾ ਸਪਰੇਅ ਲਗਾਤਾਰ 10 ਦਿਨਾਂ ਦੇ ਵਕਫੇ ਤੇ ਕਰੋ ਜੀ ।

1) ਸਫੀਨਾ 50 ਡੀ.ਸੀ. @ 400 ਮਿ.ਲਿ./ਪ੍ਰਤੀ ਏਕੜ

2) ਉਮੀਨਾ 20 ਐਸ ਜੀ @ 60 ਗ੍ਰਾਮ/ਪ੍ਰਤੀ ਏਕੜ

3) ਪੋਲੋ/ਕਰੇਜ/ਰੂਬੀ/ਲੂਡੋ/ਸੋਕੂ 50 WP @ 200 ਗ੍ਰਾਮ/ਪ੍ਰਤੀ ਏਕੜ

4) ਉਲਾਲਾ 50 WG @ 80 ਗ੍ਰਾਮ/ਪ੍ਰਤੀ ਏਕੜ

5) ਡੈਂਟੋਟਸ 50 WG @ 20 ਗ੍ਰਾਮ/ਪ੍ਰਤੀ ਏਕੜ

6) ਫਾਸਮਾਈਟ 50 EC @ 800 ਮਿ.ਲਿ./ਪ੍ਰਤੀ ਏਕੜ

7) ਪੀ. ਏ. ਯੂ. ਨਿੰਮ ਦਾ @ 1300 ਮਿ.ਲਿ./ਪ੍ਰਤੀ ਏਕੜ ਘੋਲ

**ਯਾਦ ਰੱਖੋ** : 1) ਚਿੱਟੀ ਮੱਖੀ ਅਤੇ ਮਿਲੀ ਬੱਗ ਲਈ ਫਿਕਸ ਟਾਈਪ ਕੋਨ ਨੋਜ਼ਲ ਦੀ ਵਰਤੋਂ ਕਰੋ ਅਤੇ ਬੂਟੇ ਦੇ ਉੱਪਰ ਤੋਂ ਹੇਠਾਂ ਤੱਕ ਸਾਰੇ ਪੱਤਿਆਂ ਤੇ ਛਿੜਕਾਅ ਕਰੋ ।

2) ਛਿੜਕਾਅ ਹਮੇਸ਼ਾਂ ਦੁਪਹਿਰ 12 ਵਜੇ ਤੋਂ ਪਹਿਲਾਂ ਜਾਂ ਸ਼ਾਮ ਵੇਲੇ ਕਰੋ ।

## ਹਰਾ ਤੇਲਾ

ਮਾਦਾ ਤੇਲਾ ਪੱਤਿਆਂ ਦੀ ਹੇਠਲੀ ਸਤਹਿ 'ਤੇ ਨਾੜ੍ਹਾ ਵਿਚਕਾਰ ਲੰਬੇ ਅਤੇ ਹਲਕੇ ਪੀਲੇ ਰੰਗ ਦੇ ਅੰਡੇ ਦਿੰਦੀ ਹੈ । ਨਿੰਫ ਹਲ ਦੇ ਫਾਲੇ ਦੀ ਸ਼ਕਲ ਦਾ ਹੁੰਦਾ ਹੈ । ਇਸ ਦਾ ਰੰਗ ਹਲਕਾ ਪੀਲਾ/ਹਰਾ ਹੁੰਦਾ ਹੈ । ਬਾਲਗ ਕੀੜੇ ਦੀ ਤਰ੍ਹਾਂ ਇਸ ਦੇ ਖੰਭ ਨਹੀਂ ਹੁੰਦੇ, ਪ੍ਰੰਤੂ ਨਿਕਲਣ ਵਾਲੀ ਜਗ੍ਹਾਂ 'ਤੇ ਖੰਭਾਂ ਦੀਆਂ ਨਿਸ਼ਾਨੀਆਂ ਵਿੰਗ ਬੈਡ ਨਜ਼ਰ ਆਉਂਦੀਆਂ ਹਨ । ਬੱਚੇ ਪੱਤੇ ਦੀ ਹੇਠਲੀ ਸਤਹਿ 'ਤੇ ਅੱਗੇ-ਪਿੱਛੇ, ਖੱਬੇ-ਸੱਜੇ ਬਿਨਾਂ ਮੂੰਹ ਮੋੜੇ ਚੱਲਦੇ-ਫਿਰਦੇ ਦੇਖੇ ਜਾ ਸਕਦੇ ਹਨ । ਬਾਲਗ ਵੀ ਹਲ ਦੇ ਫਾਲੇ ਦੀ ਸ਼ਕਲ ਦਾ ਹੁੰਦਾ ਹੈ । ਇਸ ਦੇ ਖੰਭ ਹਰ ਰੰਗ ਦੇ ਹੁੰਦੇ ਹਨ । ਇਸ ਦੇ ਅਗਲੇ ਖੰਭਾਂ ਦੇ ਅਖੀਰ ਵਿਚ ਕਾਲੇ ਧੱਬੇ ਹੁੰਦੇ ਹਨ । ਇਹ ਕੀੜਾ ਬਹੁਤ ਤੇਜ਼ ਉੱਡਣ ਦੀ ਸ਼ਕਤੀ ਰੱ ਖਦਾ ਹੈ । ਬਾਲਗ ਅਤੇ ਬੱਚੇ ਦੋਨੋਂ ਹੀ ਪੱਤਿਆਂ ਦੀ ਹੇਠਲੀ ਸਤਹਿ ਤੋਂ ਰਸ ਚੂਸਦੇ ਹਨ, ਜਿਸ ਕਰਕੇ ਪੱਤੇ ਕੰਨੀਆਂ ਤੋਂ ਪੀਲੇ ਪੈ ਕੇ ਮੁੜਨੇ ਸ਼ੁਰੂ ਹੋ ਜਾਂਦੇ ਹਨ । ਹੌਲੀ-ਹੌਲੀ ਹਮਲੇ ਵਾ ਲੇ ਪੱਤੇ ਪੂਰੀ ਤਰ੍ਹਾਂ ਝੁਰੜ-ਮੁਰੜ ਹੋ ਕੇ ਕਾਲੇ ਰੰਗ ਦੇ ਹੋ ਜਾਂਦੇ ਹਨ ਅਤੇ ਅੰਤ ਵਿਚ ਝੜ ਜਾਂਦੇ ਹਨ । ਇਸ ਤਰ੍ਹਾਂ ਦੀ ਹਾਲਤ ਨੂੰ 'ਹਾਪਰ ਬਰਨ' ਕਿਹਾ ਜਾਂਦਾ ਹੈ ।



**ਰੋਕਥਾਮ** : ਖੜ੍ਹੀ ਫਸਲ ਤੇ

1) ਕੋਨਫੀਡੋਰ 200 ਐਸ ਐਲ (ਇਮੀਡਾਕਲੋਪਰਿਡ) @ 40 ਮਿ.ਲਿ./ਪ੍ਰਤੀ ਏਕੜ

2) ਕੌਨਫੀਡੇਂਸ 555 (ਇਮੀਡਾਕਲੋਪਰਿਡ) @ 40 ਮਿ. ਲਿ./ਪ੍ਰਤੀ ਏਕੜ

3) ਐਕਟਾਰਾ/ਐਕਸਟਰਾ, ਸੁਪਰ (ਥਾਇਆ ਮੈਥੋਕਸਮ) @ 40 ਗ੍ਰਾਮ ਪ੍ਰਤੀ ਏਕੜ

4) ਉਲਾਲਾ 50 WG (ਫਲੋਨਿਕਾਮਿਡ) @ 80 ਗ੍ਰਾਮ ਪ੍ਰਤੀ ਏਕੜ

ਉਪਰੋਕਤ ਦਵਾਈਆਂ ਅਦਲ-ਬਦਲ ਕੇ ਸਪਰੇਅ ਕਰ ਸਕਦੇ ਹੋ । 75 ਤੋਂ 100 ਲਿਟਰ/ਏਕੜ ਵਰਤੋਂ ।

**ਉਪਰੋਕਤ ਕੀੜੇਮਾਰ ਦਵਾਈਆਂ ਤੋਂ ਇਲਾਵਾ ਹੇਠ ਲਿਖੇ ਨੁਕਤੇ ਅਪਨਾਓ :-**

1) ਹਮੇਸ਼ਾਂ ਉਹ ਕਿਸਮਾਂ ਬੀਜੋ ਜੋ ਇਨ੍ਹਾਂ ਵੈਰੀ ਕੀੜਿਆਂ ਦਾ ਟਾਕਰਾ (ਸਹਿਨਸ਼ੀਲ) ਕਰ ਸਕਦੀਆਂ ਹੋਣ ।

2) ਸਮੇਂ ਸਿਰ ਬਿਜਾਈ, ਰਸਾਇਣਕ ਖਾਦਾਂ ਅਤੇ ਸਿੰਚਾਈ ਆਦਿ ਦੀ ਵਰਤੋਂ, ਇਨ੍ਹਾਂ ਕੀੜਿਆਂ ਦਾ ਵਾਧਾ ਹੋਣ ਤੋਂ ਰੋਕਦੀ ਹੈ ।

3) ਹਰੇ ਤੇਲੇ ਦੀ ਰੋਕਥਾਮ ਲਈ ਹਮੇਸ਼ਾਂ ਬੀਜ ਨੂੰ ਗਾਚੋ ਜਾਂ ਕਰੂਜ਼ਰ ਕੀਟਨਾਸ਼ਕ ਲਾ ਕੇ ਬੀਜੋ । ਇਹ ਹਰੇ ਤੇਲੇ ਦਾ ਵਾਧਾ ਫਸਲ ਤੇ ਨਹੀਂ ਦੇਂਦੀ ਹੈ ।



## ਗੁਲਾਬੀ ਸੁੰਡੀ

ਇਹ ਵੈਰੀ ਸੁੰਡੀ ਅੱਧ ਜੁਲਾਈ ਤੋਂ ਅੱਧ ਅਕਤੂਬਰ ਤੱਕ ਹਰ ਸਾਲ ਨੁਕਸਾਨ ਕਰਦੀ ਹੈ । ਇਸ ਦੀ ਗੁਲਾਬੀ ਸੁੰਡੀ ਜਿਸ ਦਾ ਸਿਰ ਭੂਰਾ ਕਾਲਾ ਹੁੰਦਾ ਹੈ, ਉਹ ਫੁੱਲਾਂ/ਪਰਾਗਣ ਖਾ ਕੇ ਅਤੇ ਬਾਅਦ ਨਵੇਂ ਬਣ ਰਹੇ ਬੀਜ ਨੂੰ ਅੰਦਰ ਹੀ ਖਾ ਜਾਂਦੀ ਹੈ; ਨਤੀਜੇ ਵਜੋਂ ਇਸ ਨਾਲ ਟੀਂਡਾ ਅੱਧ-ਪਚੱਧਾ ਖਿਲਦਾ ਹੈ । ਇਸ ਨਾਲ ਚਿੱਟਿਆਂ ਘਸਮੈਲੀਆਂ ਕਪਾਹ-ਨਰਮੇਂ ਦੀਆਂ ਫੁਟੀਆਂ ਮਿਲਦੀਆਂ ਹਨ । ਝਾੜ ਅਤੇ ਮੁੱਲ ਵੀ ਘੱਟ ਮਿਲਦਾ ਹੈ ।

**ਰਸਾਇਣਕ ਰੋਕਥਾਮ ਲਈ**

ਅੱਜ ਕਲ ਗੁਲਾਬੀ ਸੁੰਡੀਆਂ ਦਾ ਹਮਲਾ ਵਧ ਰਿਹਾ ਹੈ । ਇਸ ਲਈ ਹੇਠ ਲਿਖੀਆਂ ਕੀਟ-ਨਾਸ਼ਕਾਂ ਦਾ ਅਦਲ ਬਦਲ ਕੇ ਲੋੜ ਅਨੁਸਾਰ 10-15 ਦਿਨਾਂ ਦੇ ਵਕਫੇ ਤੇ ਲੋੜ ਅਨੁਸਾਰ ਛਿੜਕਾਅ ਕਰੋ ।

| ਨੰ: | ਦਵਾਈ/ਕੀਟ ਨਾਸ਼ਕ ਦਾ ਨਾਂ | ਦਵਾਈ/ਪ੍ਰਤੀ ਏਕੜ |
|---|---|---|
| 1. | ਐਲਫਾ ਮੈਥਰੀਨ 10 ਈ ਸੀ | 100 ਮਿ.ਲਿ./ਏਕੜ |
| 2. | ਡੈਲਟਾ ਮੈਥਰੀਨ 10 ਈ ਸੀ | 100 ਮਿ.ਲਿ./ਏਕੜ |
| 3. | ਫੈਨਵਲਰੇਟ | 100 ਮਿ.ਲਿ./ਏਕੜ |
| 4. | ਐਮਮੈਕਟੀਨ ਬੈਂਜੋਏਟ | 100 ਗ੍ਰਾਮ/ਏਕੜ |
| 5. | ਲਾਰਵਿਨ 75 WG | 200 ਗ੍ਰਾਮ/ਏਕੜ |
| 6. | ਪਰੋਫੈਨੋਫਾਸ | 100 ਮਿ.ਲਿ./ਏਕੜ |
| 7. | ਈਥੀਆਨ | 800 ਮਿ.ਲਿ./ਏਕੜ |

**ਖਾਸ ਨੋਟ** : 1) ਅੱਧ ਸਿਤੰਬਰ ਤੱਕ ਪਹਿਲਾਂ ਸਿੰਥੈਟਿਕ ਪਰੀਥੀਰਾਈਡ ਕੀਟ-ਨਾਸ਼ਕਾਂ ਦੀ (1-3) ਵਰਤੋਂ ਕਰੋ ਜੀ ਅਤੇ (4 ਤੋਂ 7 ਤੱਕ) ਕੀਟਨਾਸ਼ਕਾਂ ਦੀ ਵਰਤੋਂ ਅਦਲ-ਬਦਲ ਕਰਨੀ ਚਾਹੀਦੀ ਹੈ ।

2) 300-400 ਲਿਟਰ ਪਾਣੀ ਵਿਚ ਦਵਾਈ ਦੀ ਦੱਸੀ ਮਾਤਰਾ ਘੋਲ ਕੇ ਇਕ ਸਾਰ ਪ੍ਰਤੀ ਏਕੜ ਸਪਰੇਅ ਕਰੋ ਜੀ ।

3) ਗੁਲਾਬੀ ਸੁੰਡੀ ਦੇ ਖਾਤਮੇ ਨਾਲ ਹੀ ਹੋਰ ਤੰਬਾਕੂ ਦੀ ਸੁੰਡੀਆਂ ਜਾਂ ਹੋਰ ਸੁੰਡੀਆਂ ਦੀ ਰੋਕਥਾਮ ਨਾਲੋਂ ਨਾਲ ਹੋ ਜਾਂਦੀ ਹੈ ।

# ਕਿਸਾਨਾਂ ਤੋਂ ਮਿਲਦਾ ਅਣਲਿਖਿਆ ਗਿਆਨ

**ਮੁਲਖ ਸਿੰਘ**
**ਪਿੰਡ ਪਿਪਲੀ, ਤਹਿਸੀਲ ਕਾਲਾਂਵਾਲੀ, ਜ਼ਿਲ੍ਹਾ ਸਿਰਸਾ (ਹਰਿਆਣਾ)**
**(ਮੋਬਾਈਲ 94162-55877)**

ਖੇਤੀਬਾੜੀ ਦੇ ਵਿਕਾਸ ਵਿੱਚ ਵਿਗਿਆਨ ਦਾ ਯੋਗਦਾਨ ਬਹੁਤ ਅਹਿਮ ਰਿਹਾ ਹੈ। ਵਿਗਿਆਨ ਆਪਣੇ ਸਵਾਲ ਹਵਾ ਵਿੱਚੋਂ ਨਹੀਂ ਲੱਭਦਾ। ਬਹੁਤ ਵਾਰ ਉਸ ਦੇ ਸਵਾਲ ਖੇਤਾਂ, ਕਾਰਖਾਨਿਆਂ ਅਤੇ ਸਮਾਜ ਦੇ ਜੀਵਨ ਵਿੱਚੋਂ ਹੀ ਜਨਮ ਲੈਂਦੇ ਹਨ। ਖੇਤੀ ਵਿੱਚ ਵੀ ਇਹੀ ਹੁੰਦਾ ਹੈ। ਕਿਸੇ ਖੇਤਰ ਵਿੱਚ ਅਚਾਨਕ ਕੋਈ ਨੀਵਾਂ ਕੀੜਾ ਵਧ ਜਾਂਦਾ ਹੈ। ਕਿਸੇ ਪਿੰਡ ਦੇ ਕਿਸਾਨ ਕਹਿੰਦੇ ਹਨ ਕਿ ਇਸ ਵਾਰ ਮੀਂਹ ਦਾ ਮਿਜ਼ਾਜ਼ ਵੱਖਰਾ ਹੈ ਜਾਂ ਅੱਜ-ਕੱਲ੍ਹ ਉਹ ਮੀਂਹ ਨਹੀਂ ਪੈਂਦੇ, ਜਿਵੇਂ ਚਾਲੀ-ਪੰਜਾਹ ਸਾਲ ਪਹਿਲਾਂ ਪੈਂਦੇ ਸਨ। ਇਹ ਆਪਣੇ ਆਪ ਵਿੱਚ ਵਿਗਿਆਨਕ ਸਿੱਟੇ ਨਹੀਂ ਹਨ, ਪਰ ਇਹ ਅਜਿਹੇ ਨਿਰੀਖਣ ਹਨ ਜੋ ਵਿਗਿਆਨ ਲਈ ਨਵੇਂ ਸਵਾਲ



ਪੈਦਾ ਕਰਦੇ ਹਨ। ਕਿਸਾਨਾਂ ਦਾ ਗਿਆਨ ਅਕਸਰ ਲਿਖਿਆ ਨਹੀਂ ਹੁੰਦਾ। ਉਹ ਉਸ ਦੀ ਯਾਦ ਵਿੱਚ, ਉਸ ਦੀ ਭਾਸ਼ਾ ਵਿੱਚ ਅਤੇ ਉਸ ਦੇ ਰੋਜ਼ਾਨਾ ਦੇ ਫੈਸਲਿਆਂ ਵਿੱਚ ਵੱਸਦਾ ਹੈ। ਉਸ ਨੇ ਸ਼ਾਇਦ ਕਦੇ ਹਿਊਮਿਡਿਟੀ, ਡੀ.ਐਨ.ਏ. ਜਾਂ ਪਲਾਂਟ ਬ੍ਰੀਡਿੰਗ ਵਰਗੇ ਸ਼ਬਦ ਦਾ ਵਰਤੇ ਹੋਣ, ਪਰ ਇਹ ਜ਼ਰੂਰ ਜਾਣਦਾ ਹੈ ਕਿ ਕਿਸ ਹਵਾ ਤੋਂ ਬਾਅਦ ਫ਼ਸਲ ਦਾ ਸੁਭਾਅ ਬਦਲਦਾ ਹੈ, ਕਿਹੜੇ ਬੱਦਲ ਮੀਂਹ ਲਿਆਉਂਦੇ ਹਨ ਅਤੇ ਕਿਹੜੇ ਸਿਰਫ਼ ਧੂੜ। ਮਨੁੱਖੀ ਅਨੁਭਵ ਸੀਮਤ ਵੀ ਹੁੰਦਾ ਹੈ ਤੇ ਕਈ ਵਾਰ ਭਰਮਾਉਣ ਵਾਲਾ ਵੀ। ਇਸੇ ਲਈ ਵਿਗਿਆਨ ਦੀ ਲੋੜ ਹੈ। ਵਿਗਿਆਨ ਅਨੁਭਵ ਦੀ ਜਾਂਚ ਕਰਦਾ ਹੈ, ਉਸ ਨੂੰ ਪਰਖਦਾ ਹੈ, ਉਸ ਦੀਆਂ ਹੱਦਾਂ ਦੱਸਦਾ ਹੈ ਅਤੇ ਜਿੱਥੇ ਉਹ ਸਹੀ ਹੋਵੇ, ਉੱਥੇ ਉਸ ਨੂੰ ਵਿਆਪਕ ਗਿਆਨ ਦਾ ਹਿੱਸਾ ਬਣਾ ਦਿੰਦਾ ਹੈ। ਦੂਜੇ ਪਾਸੇ ਵਿਗਿਆਨ ਵੀ ਹਰ ਖੇਤ, ਹਰ ਮੌਸਮ ਅਤੇ ਹਰ ਸਥਾਨਕ ਹਾਲਾਤ ਨੂੰ ਪਹਿਲਾਂ ਤੋਂ ਹੀ ਨਹੀਂ ਜਾਣ ਸਕਦਾ। ਇਸੇ ਲਈ ਉਸ ਨੂੰ ਕਿਸਾਨ ਦੇ ਨਿਰੀਖਣ ਦੀ ਲੋੜ ਰਹਿੰਦੀ ਹੈ। ਦੋਵੇਂ ਇਕ-ਦੂਜੇ ਦੇ ਦੋ ਪੂਰਕ ਹਨ।

ਖੇਤੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਦੀ ਪ੍ਰਯੋਗਸ਼ਾਲਾ ਖੁੱਲ੍ਹੇ ਆਸਮਾਨ ਹੇਠ ਹੈ। ਜੇ ਕੋਈ ਕਿਸਾਨ ਆਪਣੇ ਖੇਤ ਦੇ ਇੱਕ ਹਿੱਸੇ ਵਿੱਚ ਨਵੀਂ ਕਿਸਮ ਬੀਜਦਾ ਹੈ ਤੇ ਦੂਜੇ ਹਿੱਸੇ ਵਿੱਚ ਪੁਰਾਣੀ, ਉਹ ਤੁਲਨਾ ਕਰ ਰਿਹਾ ਦੱਸਦਾ ਹੈ ਕਿ ਇੱਕ ਖ਼ਾਸ ਕਿਸਮ ਦੀ ਮਿੱਟੀ ਵਿੱਚ ਇੱਕੋ ਜਿਹੀ ਖਾਦ ਦਾ ਨਤੀਜਾ ਵੱਖਰਾ ਨਿਕਲਦਾ ਹੈ। ਇਹ ਆਪਣੇ-ਆਪ ਵਿੱਚ ਵਿਗਿਆਨਕ ਸਿੱਟੇ ਨਹੀਂ ਹਨ, ਪਰ ਇਹ ਅਜਿਹੇ ਨਿਰੀਖਣ ਹਨ ਜੋ ਵਿਗਿਆਨ ਲਈ ਨਵੇਂ ਸਵਾਲ ਪੈਦਾ ਕਰ ਸਕਦੇ ਹਨ। ਇਕ ਚੰਗਾ ਵਿਗਿਆਨੀ ਇਨ੍ਹਾਂ ਨੂੰ ਅੰਧਵਿਸ਼ਵਾਸ ਕਹਿ ਕੇ ਰੱਦ ਨਹੀਂ ਕਰਦਾ, ਉਹ ਪੁੱਛਦਾ ਹੈ- ਕੀ ਇਸ ਦੇ ਪਿੱਛੇ ਕੋਈ ਕਾਰਨ ਹੈ? ਕੀ ਇਸ ਦੀ ਜਾਂਚ ਕੀਤੀ ਜਾ ਸਕਦੀ ਹੈ? ਜੇ ਕੋਈ ਕਿਸਾਨ ਆਪਣੇ ਖੇਤ ਦੇ ਇੱਕ ਹਿੱਸੇ ਵਿੱਚ ਨਵੀਂ ਕਿਸਮ ਬੀਜਦਾ ਹੈ ਅਤੇ ਦੂਜੇ ਹਿੱਸੇ ਵਿੱਚ ਪੁਰਾਣੀ, ਉਹ ਤੁਲਨਾ ਕਰ ਰਿਹਾ ਹੈ। ਜੇ ਉਹ ਖਾਦ ਦੀ ਮਾਤਰਾ ਵਿੱਚ ਫ਼ਰਕ ਕਰਕੇ ਨਤੀਜੇ ਵੇਖਦਾ ਹੈ, ਉਹ ਨਿਰੀਖਣ ਕਰ ਰਿਹਾ ਹੈ। ਜੇ ਉਹ ਆਪਣੇ ਗੁਆਂਢੀ ਦੀ ਫ਼ਸਲ ਨਾਲ ਆਪਣੀ ਫ਼ਸਲ ਦੀ ਤੁਲਨਾ ਕਰਕੇ ਅਗਲੇ ਸਾਲ ਆਪਣਾ ਤਰੀਕਾ ਬਦਲਦਾ ਹੈ, ਉਹ ਸਿੱਖ ਰਿਹਾ ਹੈ। ਇਹ ਵਿਗਿਆਨਕ ਖੋਜ ਦਾ ਬਦਲ ਨਹੀਂ, ਪਰ ਗਿਆਨ ਹਾਸਲ ਕਰਨ ਦੀ ਇੱਕ ਅਸਲ ਅਤੇ ਮਹੱਤਵਪੂਰਨ ਪ੍ਰਕਿਰਿਆ ਜ਼ਰੂਰ ਹੈ।

ਇਸੇ ਲਈ ਅੱਜ ਦੁਨੀਆ ਭਰ ਵਿੱਚ ਖੇਤੀ ਨਾਲ ਜੁੜੀ ਖੋਜ ਹੌਲੀ-ਹੌਲੀ ਇਕ ਨਵੀਂ ਦਿਸ਼ਾ ਵੱਲ ਵਧ ਰਹੀ ਹੈ। ਹੁਣ ਇਹ ਸਮਝ ਵਧ ਰਹੀ ਹੈ ਕਿ ਨਵੀਆਂ ਤਕਨੀਕਾਂ ਤਦੋਂ ਹੀ ਸਫ਼ਲ ਹੁੰਦੀਆਂ ਹਨ, ਜਦੋਂ ਉਹ ਖੇਤਾਂ ਦੀ ਅਸਲ ਜ਼ਿੰਦਗੀ ਨਾਲ ਗੱਲਬਾਤ ਕਰਦੀਆਂ ਹਨ। ਪ੍ਰਯੋਗਸ਼ਾਲਾ ਵਿੱਚ ਤਿਆਰ ਹੋਇਆ ਹੱਲ ਖੇਤ ਵਿੱਚ ਜਾ ਕੇ ਹੀ ਆਪਣੀ ਅਸਲ ਪਰਖ ਦਿੰਦਾ ਹੈ, ਅਤੇ ਖੇਤ ਦੀਆਂ ਨਵੀਆਂ ਸਮੱਸਿਆਵਾਂ ਮੁੜ ਪ੍ਰਯੋਗਸ਼ਾਲਾ ਲਈ ਨਵੇਂ ਸਵਾਲ ਪੈਦਾ ਕਰਦੀਆਂ ਹਨ। ਇਹ ਇੱਕ ਲਗਾਤਾਰ ਚੱਕਰ ਹੈ, ਇਕ-ਪਾਸੜ ਯਾਤਰਾ ਨਹੀਂ। ਬਹੁਤ ਜ਼ਿਆਦਾ ਤੌਖਲਿਆਂ ਦੇ ਬਾਵਜੂਦ ਆਰਟੀਫਿਸ਼ਲ ਇੰਟੈਲੀਜੈਂਸ (ਏ. ਆਈ.) ਦੇ ਆਉਣ ਨਾਲ ਇਸ ਸੰਵਾਦ ਦੀ ਸੰਭਾਵਨਾ ਹੋਰ ਵੀ ਵਧ ਗਈ ਹੈ। ਏ. ਆਈ. ਲੱਖਾਂ ਤਸਵੀਰਾਂ, ਮੌਸਮੀ ਅੰਕੜਿਆਂ ਅਤੇ ਸੈਂਸਰਾਂ ਦੇ ਡਾਟੇ ਦਾ ਵਿਸ਼ਲੇਸ਼ਣ ਕਰ ਸਕਦੀ ਹੈ, ਪਰ ਉਸ ਨੂੰ ਸਿੱਖਣ ਲਈ ਅਸਲ ਦੁਨੀਆ ਦਾ ਡਾਟਾ ਚਾਹੀਦਾ ਹੈ। ਉਹ ਡਾਟਾ ਖੇਤਾਂ ਵਿੱਚੋਂ ਹੀ ਆਉਂਦਾ ਹੈ। ਜੇ ਕਿਸਾਨ ਆਪਣੇ ਨਿਰੀਖਣ, ਆਪਣੇ ਤਜ਼ਰਬੇ ਅਤੇ ਆਪਣੀਆਂ ਸਮੱਸਿਆਵਾਂ ਨੂੰ ਡਿਜ਼ੀਟਲ ਰੂਪ ਵਿੱਚ ਸਾਂਝਾ ਕਰਨ ਤਾਂ ਏ. ਆਈ. ਵੀ ਹੋਰ ਸਟੀਕ ਬਣੇਗੀ। ਇਸ ਅਰਥ ਵਿੱਚ ਕਿਸਾਨ ਸਿਰਫ਼ ਤਕਨੀਕ ਦਾ ਉਪਭੋਗਤਾ ਨਹੀਂ, ਸਗੋਂ ਉਸ ਦੇ ਵਿਕਾਸ ਦਾ ਭਾਗੀਦਾਰ ਵੀ ਹੈ।

ਇੱਥੇ ਪੰਜਾਬੀ ਖੇਤੀ ਲਿਖਤ ਲਈ ਵੀ ਇੱਕ ਨਵਾਂ ਸਵਾਲ ਖੜ੍ਹਾ ਹੁੰਦਾ ਹੈ। ਕੀ ਸਾਡੀਆਂ ਲਿਖਤਾਂ ਸਿਰਫ਼ ਸਲਾਹ ਦਿੰਦੀਆਂ ਹਨ ਜਾਂ ਸਵਾਲ ਵੀ ਪੁੱਛਦੀਆਂ ਹਨ? ਕੀ ਉਹ ਕਿਸਾਨ ਨੂੰ ਸਿਰਫ਼ ਇਹ ਦੱਸਦੀਆਂ ਹਨ ਕਿ ਕੀ ਕਰਨਾ ਹੈ ਜਾਂ ਇਹ ਵੀ ਪੁੱਛਦੀਆਂ ਹਨ ਕਿ ਉਸ ਨੇ ਕੀ ਵੇਖਿਆ ਹੈ? ਜੇ ਹਰ ਲੇਖ, ਹਰ ਰੇਡੀਓ ਪ੍ਰੋਗਰਾਮ, ਹਰ ਯੂਟਿਊਬ ਵੀਡੀਓ ਅਤੇ ਹਰ ਖੇਤੀ ਕੈਂਪ ਵਿੱਚ ਕਿਸਾਨ ਦੇ ਅਨੁਭਵ ਨੂੰ ਵੀ ਥਾਂ ਮਿਲੇ ਤਾਂ ਸਾਡੇ ਕੋਲ ਸਥਾਨਕ ਗਿਆਨ ਦਾ ਇਕ ਅਨਮੋਲ ਖ਼ਜ਼ਾਨਾ ਤਿਆਰ ਹੋ ਸਕਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਹਰ ਸਥਾਨਕ ਧਾਰਨਾ ਨੂੰ ਬਿਨਾਂ ਪਰਖੇ ਸਵੀਕਾਰ ਕਰ ਲਿਆ ਜਾਵੇ। ਵਿਗਿਆਨ ਦੀ ਕਸੌਟੀ ਹਮੇਸ਼ਾ ਬਣੀ ਰਹਿਣੀ ਚਾਹੀਦੀ ਹੈ। ਬਹੁਤ ਸਾਰੇ ਵਿਗਿਆਨਕ ਵਿਚਾਰ ਕਿਸੇ ਨਾ ਕਿਸੇ ਜੀਵਨ-ਅਨੁਭਵ ਵਿੱਚੋਂ ਹੀ ਜਨਮੇ ਹਨ।

ਇਸ ਲਈ ਖੇਤੀ ਦੇ ਭਵਿੱਖ ਦਾ ਸਵਾਲ ਇਹ ਨਹੀਂ ਕਿ ਗਿਆਨ ਕਿਸ ਕੋਲ ਹੈ। ਸਵਾਲ ਇਹ ਹੈ ਕਿ ਗਿਆਨ ਦਾ ਨਿਰਮਾਣ ਕਿਵੇਂ ਹੋਵੇ। ਕੀ ਉਹ ਸਿਰਫ਼ ਇੱਕ ਪਾਸੇ ਤੋਂ ਦੂਜੇ ਪਾਸੇ ਜਾਵੇਗਾ ਜਾਂ ਫਿਰ ਵਿਗਿਆਨੀ ਅਤੇ ਕਿਸਾਨ ਮਿਲ ਕੇ ਉਸ ਨੂੰ ਨਵਾਂ ਰੂਪ ਦੇਣਗੇ? ਖੇਤ ਨੂੰ ਸਿਰਫ਼ ਉਤਪਾਦਨ ਦੀ ਥਾਂ ਸਮਝਣਾ ਉਸ ਨਾਲ ਬੇਇਨਸਾਫ਼ੀ ਹੈ। ਖੇਤ ਇਕ ਜੀਵੰਤ ਕਲਾਸਰੂਮ ਵੀ ਹੈ, ਇੱਕ ਪ੍ਰਯੋਗਸ਼ਾਲਾ ਵੀ ਅਤੇ ਇੱਕ ਅਜਿਹਾ ਸਥਾਨ ਵੀ ਜਿੱਥੇ ਕੁਦਰਤ ਹਰ ਰੋਜ਼ ਨਵੇਂ ਸਵਾਲ ਪੁੱਛਦੀ ਹੈ। ਜੇ ਅਸੀਂ ਉਨ੍ਹਾਂ ਸਵਾਲਾਂ ਨੂੰ ਸੁਣਨਾ ਸਿੱਖ ਲਈਏ ਤਾਂ ਸ਼ਾਇਦ ਸਾਡੇ ਜਵਾਬ ਵੀ ਪਹਿਲਾਂ ਨਾਲੋਂ ਵਧੇਰੇ ਸਹੀ, ਵਧੇਰੇ ਮਨੁੱਖੀ ਅਤੇ ਵਧੇਰੇ ਟਿਕਾਊ ਹੋਣਗੇ। ਸ਼ਾਇਦ ਇਹੀ ਉਹ ਬਿੰਦੂ ਹੈ ਜਿੱਥੇ ਕਿਸਾਨ ਸਿਰਫ਼ ਖੇਤੀ ਕਰਨ ਵਾਲਾ ਨਹੀਂ ਰਹਿੰਦਾ, ਸਗੋਂ ਗਿਆਨ ਦੀ ਸਿਰਜਣਾ ਵਿੱਚ ਇੱਕ ਸਰਗਰਮ ਭਾਗੀਦਾਰ ਬਣ ਜਾਂਦਾ ਹੈ ਅਤੇ ਇਹ ਸੋਚ ਭਵਿੱਖ ਦੀ ਖੇਤੀ ਨੂੰ ਸਿਰਫ਼ ਵਧੇਰੇ ਉਤਪਾਦਕ ਹੀ ਨਹੀਂ, ਸਗੋਂ ਵਧੇਰੇ ਸਮਝਦਾਰ ਵੀ ਬਣਾ ਸਕਦੀ ਹੈ।

# ਪਾਪਲਰ ਦੇ ਕੀੜਿਆਂ ਦੀ ਬਹੁਪੱਖੀ ਰੋਕਥਾਮ

**ਅਰਸ਼ਦੀਪ ਕੌਰ ਗਿੱਲ ਅਤੇ ਪਰਮਿੰਦਰ ਸਿੰਘ, ਵਣ ਅਤੇ ਕੁਦਰਤੀ ਸੋਮੇ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋਬਾਈਲ 98768-11334)**

ਪੰਜਾਬ ਵਿੱਚ ਐਗਰੋਫਾਰੈਸਟਰੀ ਲਈ ਪਾਪਲਰ ਨੂੰ ਇੱਕ ਪ੍ਰਮੁੱਖ ਰੁੱਖ ਵਜੋਂ ਅਪਣਾਇਆ ਗਿਆ ਹੈ। ਇਹ ਤੇਜ਼ੀ ਨਾਲ ਵਧਣ ਵਾਲਾ ਅਤੇ ਉਦਯੋਗਿਕ ਮਹੱਤਵ ਵਾਲਾ ਰੁੱਖ ਹੈ ਜਿਸ ਨੂੰ ਖੇਤੀ ਫ਼ਸਲਾਂ ਦੇ ਨਾਲ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ। ਸਰਦੀਆਂ ਵਿੱਚ ਇਸ ਦੇ ਪੱਤੇ ਝੜ ਜਾਂਦੇ ਹਨ ਜਿਸ ਕਾਰਨ ਇਸ ਦੇ ਹੇਠਾਂ ਹਾੜ੍ਹੀ ਦੀਆਂ ਫ਼ਸਲਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਦੀ ਖੇਤੀ ਕਿਸਾਨਾਂ ਲਈ ਆਮਦਨ ਦਾ ਇੱਕ ਮਹੱਤਵਪੂਰਨ ਅਤੇ ਲਾਭਦਾਇਕ ਸਰੋਤ ਬਣ ਚੁੱਕੀ ਹੈ। ਵੱਖ-ਵੱਖ ਕੀੜੇ ਪਾਪਲਰ ਦੇ ਪੱਤਿਆਂ, ਤਣੇ ਅਤੇ ਹੋਰ ਹਿੱਸਿਆਂ ਨੂੰ ਨੁਕਸਾਨ ਪਹੁੰਚਾ ਕੇ ਰੁੱਖਾਂ ਦੀ ਵਾਧਾ ਦਰ ਅਤੇ ਲੱਕੜ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੇ ਹਨ।

**ਪਾਪਲਰ ਦੇ ਮੁੱਖ ਕੀੜੇ ਅਤੇ ਉਨ੍ਹਾਂ ਦੀ ਰੋਕਥਾਮ**

1. **ਪੱਤੇ ਖਾਣ ਵਾਲੀਆਂ ਸੁੰਡੀਆਂ** : ਪੱਤੇ ਖਾਣ ਵਾਲੀਆਂ ਸੁੰਡੀਆਂ ਪਾਪਲਰ ਦੇ ਸਭ ਤੋਂ ਨੁਕਸਾਨਦੇਹ ਕੀੜਿਆਂ ਵਿੱਚੋਂ ਹਨ ਅਤੇ ਇਨ੍ਹਾਂ ਦਾ ਹਮਲਾ ਮੁੱਖ ਤੌਰ ’ਤੇ ਜੁਲਾਈ ਤੋਂ ਨਵੰਬਰ ਤੱਕ ਹੁੰਦਾ ਹੈ। ਸ਼ੁਰੂਆਤੀ ਅਵਸਥਾਵਾਂ ਦੀਆਂ ਸੁੰਡੀਆਂ ਝੁੰਡਾਂ ਵਿੱਚ ਰਹਿ ਕੇ ਪੱਤਿਆਂ ਦੀ ਉੱਪਰੀ ਪਰਤ ਨੂੰ ਖੁਰਚਦੀਆਂ ਹਨ, ਜਿਸ ਕਾਰਨ ਪੱਤੇ ਛਾਣਨੀ ਵਰਗੇ ਦਿਖਾਈ ਦਿੰਦੇ ਹਨ। ਬਾਅਦ ਦੀਆਂ ਅਵਸਥਾਵਾਂ ਵਿੱਚ ਸੁੰਡੀਆਂ ਇਕੱਲੀਆਂ ਹੋ ਕੇ ਪੱਤਿਆਂ ਦੀਆਂ ਨਾੜੀਆਂ ਨੂੰ ਛੱਡ ਕੇ ਬਾਕੀ ਸਾਰਾ ਹਰਾ ਭਾਗ ਖਾ ਜਾਂਦੀਆਂ ਹਨ। ਭਾਰੀ ਹਮਲੇ ਦੀ ਸਥਿਤੀ ਵਿੱਚ ਰੁੱਖ ਦੀ ਪ੍ਰਕਾਸ਼ ਸੰਸ਼ਲੇਸ਼ਣ ਸਮਰੱਥਾ ਘਟ ਜਾਂਦੀ ਹੈ, ਜਿਸ ਨਾਲ ਰੁੱਖ ਦਾ ਵਾਧਾ ਅਤੇ ਲੱਕੜ ਦੀ ਪੈਦਾਵਾਰ ਪ੍ਰਭਾਵਿਤ ਹੁੰਦੀ ਹੈ।

**ਰੋਕਥਾਮ** : ★ ਅੰਡਿਆਂ ਦੇ ਝੁੰਡਾਂ ਅਤੇ ਛੋਟੀਆਂ ਝੁੰਡਾਂ ਨੂੰ ਇਕੱਠਾ ਕਰਕੇ ਨਸ਼ਟ ਕਰੋ।

★ ਪ੍ਰਭਾਵਿਤ ਪੱਤਿਆਂ ਨੂੰ ਇਕੱਠਾ ਕਰਕੇ ਨਸ਼ਟ ਕਰੋ।

★ ਦਸੰਬਰ ਮਹੀਨੇ ਵਿੱਚ 2-3 ਵਾਰ ਡੂੰਘੀ ਵਾਹੀ ਕਰਕੇ ਮਿੱਟੀ ਵਿੱਚ ਮੌਜੂਦ ਕੋਏ ਨਸ਼ਟ ਕਰੋ।

★ ਕੀੜਾ-ਸਹਿਨਸ਼ੀਲ ਪਾਪਲਰ ਕਲੋਨਾਂ ਦੀ ਚੋਣ ਕਰੋ।

★ ਖੇਤ ਦੀ ਲਗਾਤਾਰ ਨਿਗਰਾਨੀ ਕਰਕੇ ਸ਼ੁਰੂਆਤੀ ਹਮਲੇ ਨੂੰ ਕਾਬੂ ਕਰੋ।

2. **ਪੱਤਾ ਲਪੇਟ ਸੁੰਡੀ** : ਪੱਤਾ ਲਪੇਟ ਸੁੰਡੀ ਦਾ ਹਮਲਾ ਮੁੱਖ ਤੌਰ ’ਤੇ ਜੁਲਾਈ ਤੋਂ ਨਵੰਬਰ ਤੱਕ ਹੁੰਦਾ ਹੈ। ਇਹ ਸੁੰਡੀ ਰੇਸ਼ਮੀ ਧਾਗਿਆਂ ਦੀ ਮਦਦ ਨਾਲ ਦੋ ਜਾਂ ਵੱਧ ਪੱਤਿਆਂ ਨੂੰ ਜੋੜ ਕੇ ਉਨ੍ਹਾਂ ਦੇ ਅੰਦਰ ਰਹਿੰਦੀ ਹੈ ਅਤੇ ਪੱਤਿਆਂ ਦੇ ਹਰੇ ਭਾਗ ਨੂੰ ਖਾਂਦੀ ਹੈ। ਜ਼ਿਆਦਾ ਹਮਲੇ ਵਿੱਚ ਰੁੱਖ ਦੀ ਛਤਰੀ ਦੂਰੋਂ ਸੁੱਕੀ ਹੋਈ ਦਿਖਾਈ ਦਿੰਦੀ ਹੈ ਅਤੇ ਰੁੱਖ ਦਾ ਵਾਧਾ ਘਟ ਜਾਂਦਾ ਹੈ।

**ਰੋਕਥਾਮ** : ★ ਪ੍ਰਭਾਵਿਤ ਪੱਤਿਆਂ ਅਤੇ ਲਪੇਟੇ ਹੋਏ ਹਿੱਸਿਆਂ ਨੂੰ ਇਕੱਠਾ ਕਰਕੇ ਨਸ਼ਟ ਕਰੋ।

★ ਅੰਡਿਆਂ ਦੇ ਝੁੰਡਾਂ ਨੂੰ ਸਮੇਂ ਸਿਰ ਨਸ਼ਟ ਕਰੋ।

★ ਸਰਦੀਆਂ ਵਿੱਚ ਡੂੰਘੀ ਵਾਹੀ ਕਰਕੇ ਮਿੱਟੀ ਵਿੱਚ ਮੌਜੂਦ ਪਿਊਪਾ ਨਸ਼ਟ ਕਰੋ।

★ ਪੱਤੇ ਖਾਣ ਵਾਲੀਆਂ ਸੁੰਡੀਆਂ ਲਈ ਅਪਣਾਏ ਗਏ ਪ੍ਰਬੰਧ ਇਸ ਕੀੜੇ ਲਈ ਵੀ ਲਾਗੂ ਕਰੋ।

3. **ਸੱਕ ਖਾਣ ਵਾਲੀ ਸੁੰਡੀ** : ਸੱਕ ਖਾਣ ਵਾਲੀ ਸੁੰਡੀ ਦਾ ਹਮਲਾ ਆਮ ਤੌਰ ’ਤੇ ਜੁਲਾਈ ਤੋਂ ਅਕਤੂਬਰ ਤੱਕ ਹੁੰਦਾ ਹੈ। ਇਹ ਕੀੜਾ ਪਾਪਲਰ ਦੇ ਤਣੇ ਅਤੇ ਟਾਹਣੀਆਂ ਦੀ ਸੱਕ ਹੇਠਾਂ ਸੁਰੰਗਾਂ ਬਣਾ ਕੇ ਨੁਕਸਾਨ ਕਰਦਾ ਹੈ। ਪ੍ਰਭਾਵਿਤ ਤਣੇ ਅਤੇ ਟਾਹਣੀਆਂ ਉੱਤੇ ਮੋਟੇ ਰਿਬਨ ਵਰਗੇ ਰੇਸ਼ਮੀ ਜਾਲੇ ਦਿਖਾਈ ਦਿੰਦੇ ਹਨ। ਲਗਾਤਾਰ 2-3 ਸਾਲ ਹਮਲਾ ਰਹਿਣ ਨਾਲ ਰੁੱਖ ਕਮਜ਼ੋਰ ਹੋ ਕੇ ਸੁੱਕ ਸਕਦਾ ਹੈ।

**ਰੋਕਥਾਮ** : ★ ਪ੍ਰਭਾਵਿਤ ਸੱਕ, ਜਾਲੇ ਅਤੇ ਸੁੱਕੀਆਂ ਟਾਹਣੀਆਂ ਨੂੰ ਹਟਾ ਕੇ ਨਸ਼ਟ ਕਰੋ।

★ ਰੁੱਖਾਂ ਨੂੰ ਪਾਣੀ ਦੀ ਘਾਟ ਤੋਂ ਬਚਾਓ ਅਤੇ ਗਰਮੀਆਂ ਵਿੱਚ ਲੋੜ ਅਨੁਸਾਰ ਸਿੰਚਾਈ ਕਰੋ।

★ ਪਾਪਲਰ ਨੂੰ ਲੀਚੀ, ਅਮਰੂਦ ਆਦਿ ਫਲਦਾਰ ਬਾਗਾਂ ਦੇ ਬਿਲਕੁਲ ਨੇੜੇ ਨਾ ਲਗਾਓ।

★ ਸਰਗਰਮ ਸੁਰੰਗਾਂ ਵਿੱਚ ਲੋਹੇ ਦੀ ਤਾਰ ਪਾ ਕੇ ਸੁੰਡੀ ਨੂੰ ਨਸ਼ਟ ਕਰੋ।

★ ਸੁਰੰਗਾਂ ਨੂੰ ਮਿੱਟੀ ਨਾਲ ਬੰਦ ਕਰਕੇ ਕੀੜੇ ਦੀ ਮੁੜ ਵਾਪਸੀ ਰੋਕੋ।

4. **ਤਣਾ ਗੜੂੰਆ** : ਤਣਾ ਗੜੂੰਆ ਪਾਪਲਰ ਦਾ ਸਭ ਤੋਂ ਗੰਭੀਰ ਕੀੜਾ ਹੈ। ਇਸ ਦਾ ਹਮਲਾ ਮੁੱਖ ਤੌਰ ’ਤੇ ਜੁਲਾਈ ਤੋਂ ਅਗਸਤ ਤੱਕ ਵੱਧ ਹੁੰਦਾ ਹੈ। ਸੁੰਡੀਆਂ ਅਕਤੂਬਰ ਤੱਕ ਸਰਗਰਮ ਰਹਿੰਦੀਆਂ ਹਨ। ਸੁੰਡੀਆਂ ਤਣੇ ਅਤੇ ਟਾਹਣੀਆਂ ਅੰਦਰ ਸੁਰੰਗਾਂ ਬਣਾਉਂਦੀਆਂ ਹਨ ਅਤੇ ਲੱਕੜ ਦਾ ਬੁਰਾਦਾ ਗੋਲ ਛੇਕਾਂ ਰਾਹੀਂ ਬਾਹਰ ਕੱਢਦੀਆਂ ਹਨ। ਤਣੇ ਵਿੱਚ 10-12 ਸੈਂਟੀਮੀਟਰ ਦੇ ਫਾਸਲੇ ’ਤੇ 8-10 ਗੋਲ ਛੇਕ ਦਿਖਾਈ ਦੇ ਸਕਦੇ ਹਨ। ਲਗਾਤਾਰ ਹਮਲੇ ਨਾਲ ਤਣਾ, ਟਾਹਣੀਆਂ ਅਤੇ ਸ਼ਾਖਾਵਾਂ ਅੰਦਰੋਂ ਖੋਖਲੀਆਂ ਹੋ ਜਾਂਦੀਆਂ ਹਨ, ਜਿਸ ਕਾਰਨ ਰੁੱਖ ਤੇਜ਼ ਹਵਾ ਨਾਲ ਟੁੱਟ ਸਕਦਾ ਹੈ।

**ਰੋਕਥਾਮ** : ★ ਅਗਸਤ-ਸਤੰਬਰ ਵਿੱਚ ਪ੍ਰਭਾਵਿਤ ਟਾਹਣੀਆਂ ਦੀ ਛਾਂਟੀ ਕਰਕੇ ਨਸ਼ਟ ਕਰੋ।

★ ਛੇਕਾਂ ਵਿੱਚ ਲੋਹੇ ਦੀ ਤਾਰ ਪਾ ਕੇ ਸੁੰਡੀ ਨੂੰ ਮਾਰੋ।

★ ਛੇਕਾਂ ਨੂੰ ਚਿਕਣੀ ਮਿੱਟੀ ਨਾਲ ਬੰਦ ਕਰੋ ਤਾਂ ਜੋ ਕੀੜਾ ਬਾਹਰ ਨਾ ਆ ਸਕੇ।

★ ਬਹੁਤ ਪ੍ਰਭਾਵਿਤ ਰੁੱਖਾਂ ਅਤੇ ਬਚੇ ਹੋਏ ਠੂਠਾਂ ਨੂੰ ਨਸ਼ਟ ਕਰੋ।

★ ਤੂਤ, ਸੇਬ ਅਤੇ ਹੋਰ ਰੁੱਖਾਂ ਨੂੰ ਪਾਪਲਰ ਦੇ ਨੇੜੇ ਨਾ ਲਗਾਓ।

# ਪੰਜਾਬ ਦੇ ਲੀਚੀ ਕਾਸ਼ਤਕਾਰਾਂ ਵਿੱਚ ਮੋਹਰੀ ਕਿਸਾਨ ਦਿਲਬਾਗ ਸਿੰਘ ਚੀਮਾ

## ਫ਼ਸਲੀ ਭਿੰਨਤਾ ਨੂੰ ਲੈ ਕੇ ਹੋਰਾਂ ਲਈ ਬਣ ਰਿਹੈ ਪ੍ਰੇਰਨਾ ਸਰੋਤ



ਆਪਣੇ ਲੀਚੀ ਦੇ ਬਾਗ ਵਿੱਚ ਖੜ੍ਹੇ ਕਿਸਾਨ ਦਿਲਬਾਗ ਸਿੰਘ ਚੀਮਾ (ਲਾਲੀ ਚੀਮਾ)

ਫ਼ਸਲੀ ਭਿੰਨਤਾ ਪੰਜਾਬ ਦੀ ਖੇਤੀਬਾੜੀ ਖ਼ਾਸ ਕਰਕੇ ਗੁਰਦਾਸਪੁਰ ਦੇ ਕੰਢੀ ਅਤੇ ਸਰਹੱਦੀ ਖੇਤਰਾਂ ਲਈ ਸਮੇਂ ਦੀ ਮੁੱਖ ਲੋੜ ਬਣ ਗਈ ਹੈ । ਖੇਤੀ ਭਿੰਨਤਾ ਨੂੰ ਅਪਣਾ ਕੇ ਕੁਦਰਤੀ ਸੋਮਿਆਂ ਦੀ ਸੰਜਮ ਨਾਲ ਵਰਤੋਂ ਕਰਨ ਵਾਲਾ ਗੁਰਦਾਸਪੁਰ ਜ਼ਿਲ੍ਹੇ ਦਾ ਅਗਾਂਹਵਧੂ ਕਿਸਾਨ ਦਿਲਬਾਗ ਸਿੰਘ ਚੀਮਾ ਪੁੱਤਰ ਅਮਿੰਦਰ ਸਿੰਘ ਚੀਮਾ ਪਿੰਡ ਬਰਿਆਰ ਤਹਿਸੀਲ ਦੀਨਾਨਗਰ ਦਾ ਵਸਨੀਕ ਹੈ । ਸ. ਚੀਮਾ ਨੇ ਰਵਾਇਤੀ ਕਣਕ-ਝੋਨੇ ਦਾ ਫ਼ਸਲੀ ਚੱਕਰ ਛੱਡ ਕੇ ਬਾਗਬਾਨੀ ਫ਼ਸਲਾਂ ਦੀ ਕਾਸ਼ਤ ਵੱਲ ਰੁੱਖ ਕੀਤਾ ਅਤੇ ਅੱਜ ਉਹ ਪੰਜਾਬ ਦੇ ਮੋਹਰੀ ਲੀਚੀ ਕਾਸ਼ਤਕਾਰਾਂ ਵਿੱਚ ਅਹਿਮ ਬਾਗਬਾਨ ਵਜੋਂ ਜਾਣੇ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਦੇ ਰਣਜੀਤ ਬਾਗ ਅਧੀਨ ਆਉਂਦੇ ਰਕਬੇ ਨੂੰ ਲਾਲੀ ਗਾਰਡਨ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ । 1988 ਦੇ ਆਸ-ਪਾਸ ਜਦੋਂ ਪੰਜਾਬ ਦੇ ਕਿਸਾਨ ਰਵਾਇਤੀ ਝੋਨਾ-ਕਣਕ ਪ੍ਰਣਾਲੀ ਅਤੇ ਝੋਨੇ ਦੀ ਕਾਸ਼ਤ ਵਿੱਚ ਵਧ ਰਹੇ ਖ਼ਰਚਿਆਂ ਅਤੇ ਘੱਟ ਮੁਨਾਫ਼ੇ ਤੋਂ ਚਿੰਤਤ ਸਨ, ਉਸ ਸਮੇਂ ਲਾਲੀ ਚੀਮਾ ਨੇ ਖੇਤੀ ਵਿਚ ਭਿੰਨਤਾ ਲਿਆਉਣ ਦਾ ਨਵਾਂ ਰਾਹ ਚੁਣਿਆ ਅਤੇ ਲਗਭਗ 10 ਏਕੜ ਜ਼ਮੀਨ ਵਿਚ ਲੀਚੀ ਦਾ ਬਾਗ ਲਗਾਉਣ ਦਾ ਫ਼ੈਸਲਾ ਕੀਤਾ । ਇਸ ਉਦੇਸ਼ ਲਈ ਉਨ੍ਹਾਂ ਨੇ ਪੀ.ਏ.ਯੂ. ਰਿਜਨਲ ਸਟੇਸ਼ਨ ਗੁਰਦਾਸਪੁਰ ਨਾਲ ਸੰਬੰਧਿਤ ਖੇਤੀਬਾੜੀ ਮਾਹਿਰਾਂ ਦੀ ਸਲਾਹ ਲੈ ਕੇ ਉੱਤਮ ਕਿਸਮਾਂ ਦੇ ਲੀਚੀ ਦੇ ਬੂਟੇ ਪ੍ਰਾਪਤ ਕੀਤੇ । ਲੀਚੀ ਦੀ ਕਾਸ਼ਤ ਨੂੰ ਸਫ਼ਲ ਬਣਾਉਣ ਲਈ ਉਨ੍ਹਾਂ ਨੇ ਰਵਾਇਤੀ ਢੰਗ-ਤਰੀਕਿਆਂ ਦੀ ਬਜਾਏ ਵਿਗਿਆਨਕ ਅਤੇ ਆਧੁਨਿਕ ਤਕਨੀਕਾਂ ਨੂੰ ਅਪਣਾਇਆ । ਇਸ ਨਾਲ ਲੀਚੀ ਦੇ ਬੂਟਿਆਂ ਦਾ ਚੰਗਾ ਵਿਕਾਸ ਹੋਇਆ ਅਤੇ ਸਮੇਂ ਦੇ ਨਾਲ ਭਾਗ ਵਪਾਰਕ ਪੱਧਰ 'ਤੇ ਉਤਪਾਦਨ ਦੇਣ ਲੱਗਾ । ਲਾਲੀ ਚੀਮਾ ਦੀ ਇਹ ਪਹਿਲ ਸਿਰਫ਼ ਇੱਕ ਕਿਸਾਨ ਦੀ ਨਿੱਜੀ ਸਫ਼ਲਤਾ ਹੀ ਨਹੀਂ, ਸਗੋਂ ਫ਼ਸਲੀ ਭਿੰਨਤਾ ਦੀ ਇੱਕ ਪ੍ਰੇਰਨਾਦਾਇਕ ਉਦਾਹਰਨ ਵੀ ਬਣੀ । ਲੀਚੀ ਵਰਗੀ ਬਾਗਬਾਨੀ ਫ਼ਸਲ ਨੂੰ ਅਪਣਾਉਣ ਨਾਲ ਉਨ੍ਹਾਂ ਦੇ ਝੋਨੇ 'ਤੇ ਨਿਰਭਰਤਾ ਘਟਾਈ ਅਤੇ ਆਪਣੀ ਜ਼ਮੀਨ ਤੋਂ ਵਧੇਰੇ ਆਮਦਨ ਪ੍ਰਾਪਤ ਕਰਨ ਦਾ ਰਾਹ ਬਣਾਇਆ । ਉਨ੍ਹਾਂ ਦੀ ਸਫ਼ਲਤਾ ਨੇ ਹੋਰ ਕਿਸਾਨਾਂ ਨੂੰ ਵੀ ਰਵਾਇਤੀ ਫ਼ਸਲਾਂ ਦੇ ਨਾਲ ਫ਼ਲਦਾਰ ਬੂਟਿਆਂ ਅਤੇ ਹੋਰ ਬਾਗਬਾਨੀ ਫ਼ਸਲਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ । ਉਨ੍ਹਾਂ ਦੱਸਿਆ ਕਿ ਰਣਜੀਤ ਬਾਗ ਵਿੱਚ ਉਨ੍ਹਾਂ ਵਲੋਂ ਲੀਚੀ ਦੀਆਂ ਪ੍ਰਮੁੱਖ ਕਿਸਮਾਂ ਕਲਕਤੀਆਂ, ਦੇਹਰਾਦੂਨ ਅਤੇ ਸੀਡਲੈਸ ਲੇਟ ਦੀ ਕਾਸ਼ਤ ਕੀਤੀ ਗਈ ਹੈ । ਇਸ ਕਿਸਮ ਦੇ ਵਧੀਆ ਗੁਣਵੱਤਾ ਵਾਲੇ ਫ਼ਲ ਹੋਣ ਕਾਰਨ ਇਨ੍ਹਾਂ ਦੀ ਮੰਡੀ ਵਿੱਚ ਚੰਗੀ ਮੰਗ ਰਹਿੰਦੀ ਹੈ ਅਤੇ ਆਮ ਲੀਚੀ ਦੇ ਮੁਕਾਬਲੇ ਵਧੀਆ ਭਾਅ ਮਿਲ ਜਾਂਦਾ ਹੈ । ਇਸ ਤਰ੍ਹਾਂ ਉੱਤਮ ਕਿਸਮਾਂ ਦੀ ਚੋਣ ਨੇ ਉਨਾਂ ਦੀ ਬਾਗਬਾਨੀ ਨੂੰ ਵਪਾਰਕ ਤੌਰ 'ਤੇ ਵਧੇਰੇ ਲਾਭਦਾਇਕ ਬਣਾਇਆ । ਉਨ੍ਹਾਂ ਅਨੁਸਾਰ ਲੀਚੀ ਦੇ ਬਾਗ ਤੋਂ ਪ੍ਰਾਪਤ ਮੁਨਾਫ਼ਾ ਰਵਾਇਤੀ ਫ਼ਸਲਾਂ ਦੇ ਮੁਕਾਬਲੇ ਕਈ ਗੁਣਾਂ ਵੱਧ ਹੈ । ਚੰਗੀ ਪੈਦਾਵਾਰ, ਉੱਚ ਗੁਣਵੱਤਾ ਅਤੇ ਖੇਤੀ ਵਿੱਚ ਵਧੀਆ ਕੀਮਤ ਮਿਲਣ ਕਾਰਨ ਉਨ੍ਹਾਂ ਦੀ ਸਾਲਾਨਾ ਆਮਦਨ ਲਗਪਗ 15-20 ਲੱਖ ਰੁਪਏ ਤੱਕ ਪਹੁੰਚ ਗਈ । ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਲੰਬੇ ਸਮੇਂ ਦੀ ਯੋਜਨਾਬੰਦੀ ਨਾਲ ਫ਼ਲਦਾਰ ਬਾਗ ਕਿਸਾਨਾਂ ਲਈ ਆਮਦਨ ਦਾ ਮਜ਼ਬੂਤ ਸਰੋਤ ਬਣ ਸਕਦੇ ਹਨ । ਲਾਲੀ ਚੀਮਾ ਦਾ ਲੀਚੀ ਬਾਗ ਇਲਾਕੇ ਦੇ ਹੋਰ ਕਿਸਾਨਾਂ ਲਈ ਇੱਕ ਸਫ਼ਲ ਫ਼ਸਲੀ ਭਿੰਨਤਾ ਮਾਡਲ ਬਣਿਆ ਹੈ । ਉਨ੍ਹਾਂ ਦੀ ਸਫ਼ਲਤਾ ਨੂੰ ਦੇਖ ਕੇ ਗੁਰਦਾਸਪੁਰ, ਪਠਾਨਕੋਟ ਅਤੇ ਹੁਸ਼ਿਆਰਪੁਰ ਖੇਤਰ ਦੇ ਕਈ ਕਿਸਾਨਾਂ ਨੇ ਵੀ ਰਵਾਇਤੀ ਫ਼ਸਲਾਂ ਦੇ ਨਾਲ ਲੀਚੀ ਅਤੇ ਹੋਰ ਬਾਗਬਾਨੀ ਫ਼ਸਲਾਂ ਵੱਲ ਰੁਝਾਨ ਦਿਖਾਇਆ । ਇਸ ਨਾਲ ਇਲਾਕੇ ਵਿੱਚ ਬਾਗਬਾਨੀ ਨੂੰ ਇੱਕ ਬਦਲਵੀਂ ਅਤੇ ਵਧੇਰੇ ਆਮਦਨ ਵਾਲੀ ਖੇਤੀ ਪ੍ਰਣਾਲੀ ਵਜੋਂ ਉਤਸ਼ਾਹ ਮਿਲਿਆ । ਉਨ੍ਹਾਂ ਦੀ ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਉਹ ਆਪਣੇ ਖੇਤੀਬਾੜੀ ਤਜ਼ਰਬੇ ਨੂੰ ਹੋਰ ਕਿਸਾਨਾਂ ਨਾਲ ਵੀ ਸਾਂਝਾ ਕਰਦੇ ਹਨ । ਬਾਗ ਦੀ ਸਥਾਪਨਾ, ਬੂਟਿਆਂ ਦੀ ਸੰਭਾਲ, ਸਿੰਜਾਈ, ਛਾਂਟੀ, ਕੀਟ ਨਿਯੰਤਰਣ ਅਤੇ ਫ਼ਲਾਂ ਦੀ ਤੁੜਾਈ ਵਰਗੇ ਵਿਸ਼ਿਆਂ ਬਾਰੇ ਕਿਸਾਨਾਂ ਨੂੰ ਵਿਹਾਰਕ ਜਾਣਕਾਰੀ ਦੇਣਾ ਹੋਰ ਕਿਸਾਨਾਂ ਨੂੰ ਬਾਗਬਾਨੀ ਅਪਣਾਉਣ ਵਿੱਚ ਮਦਦ ਕਰਦਾ ਹੈ । ਦਿਲਬਾਗ ਸਿੰਘ ਚੀਮਾ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨਾਂ ਦੇ ਸੰਗਠਨ 'ਯੰਗ ਇਨੋਵੇਟਿਵ ਫਾਰਮਰਜ਼ ਗਰੁੱਪ ਗੁਰਦਾਸਪੁਰ' ਦਾ ਸਰਗਰਮ ਮੈਂਬਰ ਹਨ, ਜੋ ਵਾਤਾਵਰਨ ਪੱਖੀ, ਪਾਣੀ ਸੰਭਾਲ, ਪ੍ਰਦੂਸ਼ਣ ਮੁਕਤ ਖੇਤੀ ਤਕਨੀਕਾਂ ਦਾ ਪਸਾਰ ਕਰਦੇ ਹਨ । ਇਨ੍ਹਾਂ ਗਤੀਵਿਧੀਆਂ ਨਾਲ ਆਪਣੀ ਪਛਾਣ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਸ. ਚੀਮਾ ਨੇ ਕਈ ਸਰਕਾਰੀ ਕਿਸਾਨ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਸਨਮਾਨ ਵੀ ਹਾਸਲ ਕੀਤੇ ਹਨ । ਲਾਲੀ ਗਾਰਡਨ ਨੇ ਬਾਗਬਾਨੀ ਦੇ ਖੇਤਰ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ । ਪੰਜਾਬ ਦੇ ਬਾਗਬਾਨੀ ਵਿਭਾਗ ਵਲੋਂ ਇਸ ਬਾਗ ਨੂੰ ਮਾਡਲ/ਪ੍ਰਦਰਸ਼ਨੀ ਬਾਗ ਵਜੋਂ ਮਾਨਤਾ ਮਿਲਣਾ ਇਸ ਦੀ ਸਫ਼ਲਤਾ ਤੇ ਵਿਗਿਆਨਕ ਪ੍ਰਬੰਧਨ ਦਾ ਮਹੱਤਵਪੂਰਨ ਪ੍ਰਮਾਣ ਹੈ । ਇਸ ਬਾਗ ਨੂੰ ਹੋਰ ਕਿਸਾਨਾਂ ਲਈ ਇੱਕ ਵਿਹਾਰਕ ਸਿੱਖਿਆ ਕੇਂਦਰ ਵਜੋਂ ਵੀ ਵਰਤਿਆ ਜਾਂਦਾ ਹੈ । ਪੀ.ਏ.ਯੂ. ਲੁਧਿਆਣਾ, ਖੇਤੀਬਾੜੀ ਕਿਸਾਨ ਭਲਾਈ ਅਤੇ ਬਾਗਬਾਨੀ ਵਿਭਾਗ ਨਾਲ ਜੁੜੇ ਮਾਹਿਰ ਅਤੇ ਵਿਗਿਆਨੀ ਕਿਸਾਨਾਂ ਨੂੰ ਬਾਗਬਾਨੀ ਦੀਆਂ ਆਧੁਨਿਕ ਤਕਨੀਕਾਂ ਨਾਲ ਜਾਣੂ ਕਰਵਾਉਣ ਲਈ ਇੱਥੇ ਦੇ ਦੌਰੇ ਕਰਾਉਂਦੇ ਰਹਿੰਦੇ ਹਨ । ਲਾਲੀ ਚੀਮਾ ਦੀ ਸੋਚ ਦਾ ਮੁੱਖ ਕੇਂਦਰ ਵੱਧ ਆਮਦਨ, ਘੱਟ ਪਾਣੀ ਤੇ ਟਿਕਾਊ ਖੇਤੀ ਹੈ । ਉਨ੍ਹਾਂ ਦਾ ਮੰਨਣਾ ਹੈ ਕਿ ਜੇ ਬਾਗਬਾਨੀ ਨੂੰ ਸਹੀ ਯੋਜਨਾਬੰਦੀ, ਮਿਹਨਤ ਅਤੇ ਆਧੁਨਿਕ ਖੇਤੀ ਤਕਨੀਕਾਂ ਨਾਲ ਲੈੱਸ ਕੀਤਾ ਜਾਵੇ ਤਾਂ ਇਹ ਰਵਾਇਤੀ ਝੋਨਾ-ਕਣਕ ਦੇ ਫ਼ਸਲੀ ਚੱਕਰ ਨਾਲੋਂ ਵਧੇਰੇ ਲਾਭਦਾਇਕ ਹੋ ਸਕਦੀ ਹੈ । ਖ਼ਾਸ ਕਰਕੇ ਪਾਣੀ ਦੀ ਘਾਟ ਦੇ ਮੱਦੇਨਜ਼ਰ ਉਹ ਕਿਸਾਨਾਂ ਨੂੰ ਪਾਣੀ ਦੀ ਸੁਚੱਜੀ ਵਰਤੋਂ ਕਰਨ ਤੇ ਸਿੰਚਾਈ ਦੀਆਂ ਆਧੁਨਿਕ ਪ੍ਰਣਾਲੀਆਂ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ । ਲਾਲੀ ਚੀਮਾ ਨੌਜਵਾਨ ਕਿਸਾਨਾਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਸਿਰਫ਼ ਰਵਾਇਤੀ ਫ਼ਸਲੀ ਚੱਕਰ ਤੱਕ ਸੀਮਤ ਰਹਿਣ ਦੀ ਬਜਾਏ ਨਵੀਆਂ ਅਤੇ ਉੱਚ ਮੁੱਲ ਵਾਲੀਆਂ ਫ਼ਸਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਲੀਚੀ ਵਰਗੀਆਂ ਬਾਗਬਾਨੀ ਫ਼ਸਲਾਂ ਨੂੰ ਅਪਣਾ ਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਵਾਤਾਵਰਨ ਦੀ ਸੁਰੱਖਿਆ ਵਿੱਚ ਵੀ ਯੋਗਦਾਨ ਪਾ ਸਕਦੇ ਹਨ ।

**ਲਖਵਿੰਦਰ ਸਿੰਘ ਚੱਕਰਾਜਾ, ਗੁਰਦਾਸਪੁਰ**
(ਮੋਬਾਇਲ : 95305-31919)

# ਨਵੀਂ ਸੋਚ, ਨਵੀਂ ਕਿਸਮ ਅਪਣਾ ਕੇ ਮਿਸਾਲ ਬਣਿਆ ਕਿਸਾਨ : ਗੁਰਵਿੰਦਰ ਸਿੰਘ

ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਕਿਸਾਨ ਜਾਗਰੂਕਤਾ ਕੈਂਪਾਂ ਅਤੇ ਖੇਤ ਦੌਰਿਆਂ ਦੌਰਾਨ ਦਿੱਤੀ ਗਈ ਤਕਨੀਕੀ ਜਾਣਕਾਰੀ ਤੋਂ ਪ੍ਰਭਾਵਿਤ ਹੋ ਕੇ ਪਿੰਡ ਸੰਗਤਪੁਰਾ, ਸੰਗਰੂਰ ਦੇ ਅਗਾਂਹਵਧੂ ਕਿਸਾਨ ਗੁਰਵਿੰਦਰ ਸਿੰਘ ਨੇ ਝੋਨੇ ਦੀ ਪੀ ਆਰ 133 ਕਿਸਮ ਨੂੰ ਪਹਿਲੇ ਹੀ ਸਾਲ ਵੱਡੇ ਪੱਧਰ 'ਤੇ ਅਪਣਾਉਣ ਦਾ ਫ਼ੈਸਲਾ ਕੀਤਾ । ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਨੂੰ ਤਰਜੀਹ ਦਿੰਦਿਆਂ ਗੁਰਵਿੰਦਰ ਸਿੰਘ ਨੇ ਪਹਿਲੇ ਸਾਲ ਹੀ 10 ਏਕੜ ਰਕਬੇ ਵਿੱਚ ਪੀ. ਆਰ. 133 ਦੀ ਕਾਸ਼ਤ ਕਰਨ ਦਾ ਹੌਸਲਾਪੂਰਵਕ ਫ਼ੈਸਲਾ ਕੀਤਾ । ਇਸ ਕਿਸਮ ਦਾ ਬੀਜ ਪੀ.ਏ.ਯੂ. ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਉਪਲਬਧ ਕਰਵਾਇਆ ਗਿਆ ਅਤੇ ਕਿਸਾਨ ਨੇ 20 ਤੋਂ 25 ਜੂਨ, 2026 ਦੌਰਾਨ ਇਸ ਦੀ ਲੁਆਈ ਮੁਕੰਮਲ ਕੀਤੀ । ਉਹ ਸਾਲ 1978 ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ ਅਤੇ ਲਗਭਗ 40 ਏਕੜ ਰਕਬੇ 'ਤੇ ਖੇਤੀਬਾੜੀ ਕਰ ਰਹੇ ਹਨ ।

ਮੌਜੂਦਾ ਸਾਉਣੀ ਸੀਜ਼ਨ ਦੌਰਾਨ ਸ. ਗੁਰਵਿੰਦਰ ਸਿੰਘ ਨੇ 10 ਏਕੜ ਵਿੱਚ ਪੀ.ਆਰ. 133, 14 ਏਕੜ ਵਿੱਚ ਪੀ.ਆਰ. 126 ਅਤੇ ਬਾਕੀ 16 ਏਕੜ ਵਿੱਚ ਆਈ.ਏ.ਆਰ.ਆਈ., ਨਵੀਂ ਦਿੱਲੀ ਦੀਆਂ ਬਾਸਮਤੀ ਕਿਸਮਾਂ ਦੀ ਕਾਸ਼ਤ ਕੀਤੀ ਹੈ । ਪੀ.ਆਰ. 133 ਅਤੇ ਪੀ.ਆਰ. 126 ਵਿੱਚ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਸਮੇਂ-ਸਮੇਂ 'ਤੇ ਲਗਾਏ ਗਏ ਜਾਗਰੂਕਤਾ ਕੈਂਪਾਂ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਖਾਦਾਂ ਦੀ ਹੀ ਵਰਤੋਂ ਕੀਤੀ ਗਈ ਹੈ । ਇਸ ਤੋਂ ਇਲਾਵਾ ਪਾਣੀ ਦੀ ਸੁਚੱਜੀ ਵਰਤੋਂ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦਿਆਂ ਕਿਸਾਨ ਨੇ ਲੱਗਭੱਗ 10 ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਹੈ ।



ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਦੀ ਟੀਮ ਵੱਲੋਂ ਹਾਲ ਹੀ ਵਿੱਚ ਕੀਤੇ ਗਏ ਦੌਰੇ ਦੌਰਾਨ ਸ. ਗੁਰਵਿੰਦਰ ਸਿੰਘ ਦੇ ਖੇਤ ਵਿੱਚ ਪੀ. ਆਰ. 133 ਦੀ ਫ਼ਸਲ ਬਹੁਤ ਵਧੀਆ ਹਾਲਤ ਵਿੱਚ ਪਾਈ ਗਈ । ਖੇਤ ਵਿੱਚ ਹੁਣ ਤੱਕ ਕਿਸੇ ਗੰਭੀਰ ਕੀੜੇ-ਮਕੌੜੇ ਜਾਂ ਬਿਮਾਰੀ ਦਾ ਹਮਲਾ ਅਤੇ ਮੱਧਰੇਪਣ ਦੇ ਲੱਛਣ ਦੇਖਣ ਨੂੰ ਨਹੀਂ ਮਿਲੇ । ਕਿਸਾਨ ਇਸ ਕਿਸਮ ਦੀ ਮੁੱਢਲੀ ਕਾਰਗੁਜ਼ਾਰੀ ਤੋਂ ਬਹੁਤ ਸੰਤੁਸ਼ਟ ਹੈ ਅਤੇ ਉਤਸ਼ਾਹ ਨਾਲ ਹੋਰ ਕਿਸਾਨਾਂ ਨੂੰ ਆਪਣਾ ਖੇਤ ਦਿਖਾ ਕੇ ਇਸ ਕਿਸਮ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਸਾਂਝੀ ਕਰ ਰਿਹਾ ਹੈ ।

ਗੁਰਵਿੰਦਰ ਸਿੰਘ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਫਾਰਮ ਸਲਾਹਕਾਰ ਸੇਵਾ ਕੇਂਦਰ ਵੱਲੋਂ ਆਯੋਜਿਤ ਕਿਸਾਨ ਕੈਂਪਾਂ, ਖੇਤ ਦੌਰਿਆਂ ਅਤੇ ਤਕਨੀਕੀ ਪ੍ਰੋਗਰਾਮਾਂ ਵਿੱਚ ਨਿਰੰਤਰ ਸ਼ਮੂਲੀਅਤ ਕਰਦਾ ਹੈ । ਉਮੀਦ ਹੈ ਕਿ ਪੀ. ਆਰ. 133 ਕਿਸਮ ਤੋਂ ਸ. ਗੁਰਵਿੰਦਰ ਸਿੰਘ ਨੂੰ ਚੰਗਾ ਝਾੜ ਅਤੇ ਆਰਥਿਕ ਲਾਭ ਪ੍ਰਾਪਤ ਹੋਵੇਗਾ । ਉਨ੍ਹਾਂ ਦਾ ਇਹ ਉੱਦਮ ਸੰਗਤਪੁਰਾ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਸਿਫ਼ਾਰਸ਼ੀ, ਘੱਟ ਸਮੇਂ ਵਿੱਚ ਪੱਕਣ ਵਾਲੀਆਂ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਵਿੱਚ ਸਹਾਇਕ ਝੋਨੇ ਦੀਆਂ ਕਿਸਮਾਂ ਨੂੰ ਅਪਣਾਉਣ ਲਈ ਹੋਰ ਕਿਸਾਨਾਂ ਨੂੰ ਵੀ ਪ੍ਰੇਰਿਤ ਕਰੇਗਾ ।

**ਅਸ਼ੋਕ ਕੁਮਾਰ ਗਰਗ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ**
(ਮੋਬਾਇਲ : 95018-55223)

# ਭਾਰਤੀ ਮੂਲ ਰਵਾਇਤੀ ਚਿਕਿਤਸਕ ਰੁੱਖ ਨਿੰਮ

## ਨਿੰਮ ਦੇ ਛਿਲਕੇ, ਫਲਾਂ ਦੇ ਸੁੱਕੇ ਮਾਦੇ, ਨਿਮੋਲੀਆਂ, ਗੁੱਦੇ ਅਤੇ ਬੀਜਾਂ ਦੀ ਬਹੁਤ ਸਾਰੀਆਂ ਦਵਾਈਆਂ 'ਚ ਵਰਤੋਂ ਕੀਤੀ ਜਾਂਦੀ ਹੈ...

ਦੁਨੀਆਂ ਦੀ 80 ਫੀਸਦੀ ਆਬਾਦੀ ਤੰਦਰੁਸਤੀ ਲਈ ਪੌਦਿਆਂ 'ਤੇ ਨਿਰਭਰ ਕਰਦੀ ਹੈ। ਲਗਭਗ 25 ਫੀਸਦੀ ਦਵਾਈਆਂ ਪੌਦਿਆਂ ਤੋਂ ਬਣਾਈਆਂ ਜਾਂਦੀਆਂ ਹਨ। ਕੁਝ ਦਹਾਕਿਆਂ ਤੋਂ ਖੇਤੀ ਖੇਤਰ 'ਚ ਰਸਾਇਣਾਂ ਦੀ ਜ਼ਿਆਦਾ ਵਰਤੋਂ ਕਾਰਨ ਖੁਰਾਕੀ ਪਦਾਰਥ ਤੋਂ ਵਾਤਾਵਰਨ ਰਸਾਇਣਾਂ ਨਾਲ ਲਬਰੇਜ਼ ਹਨ। ਇਨ੍ਹਾਂ ਰਸਾਇਣਾਂ ਦਾ ਸਾਡੀ ਸਿਹਤ ਉੱਪਰ ਮਾੜਾ ਅਸਰ ਪੈ ਰਿਹਾ ਹੈ। ਇਸ ਨਾਲ ਮਨੁੱਖ ਦਾ ਧਿਆਨ ਜੜ੍ਹੀਆਂ-ਬੂਟੀਆਂ, ਕੁਦਰਤੀ ਉਤਪਾਦਾਂ ਅਤੇ ਜੈਵਿਕ ਖੇਤੀ ਵੱਲ ਵਧਿਆ ਹੈ। ਫਸਲਾਂ, ਵਾਤਾਵਰਨ ਅਤੇ ਪਾਣੀ ਦੇ ਸੋਮਿਆਂ 'ਚ ਸਿੰਥੈਟਿਕ ਰਸਾਇਣਾਂ ਦੀ ਮੌਜੂਦਗੀ ਕਾਰਨ ਮਨੁੱਖੀ ਸਿਹਤ ਉੱਪਰ ਮਾੜੇ ਪ੍ਰਭਾਵ ਵਧੇ ਹਨ। ਦੁਨੀਆਂ ਦੀ ਐਗਰੋ ਕੈਮੀਕਲ ਮਾਰਕੀਟ 31 ਤੋਂ 35 ਬਿਲੀਅਨ (3100 ਤੋਂ 3500 ਕਰੋੜ) ਡਾਲਰ ਦੇ ਵਿਚਕਾਰ ਹੈ। ਇਨ੍ਹਾਂ ਉਤਪਾਦਾਂ ਵਿਚ ਜੜ੍ਹੀਆਂ-ਬੂਟੀਆਂ ਦੀ ਮਾਤਰਾ 48 ਫੀਸਦੀ, ਕੀਟਨਾਸ਼ਕ 25 ਫੀਸਦੀ ਅਤੇ ਉੱਲੀਮਾਰ ਦਵਾਈਆਂ 22 ਫੀਸਦੀ ਹਨ, ਹੁਣ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਕੀੜੇ-ਮਕੌੜਿਆਂ ਅਤੇ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਪੌਦਿਆਂ ਵਿਚਲੇ ਤੱਤਾਂ, ਜਿਵੇਂ ਪੌਦੇ ਤੋਂ ਪ੍ਰਾਪਤ ਤੇਲ, ਪੌਦੇ ਦਾ ਰਸ ਆਦਿ ਦੀ ਵਰਤੋਂ ਕਰ ਰਹੀਆਂ ਹਨ। ਦਵਾਈਆਂ ਦੇ ਗੁਣਾਂ ਵਾਲੇ ਅਜਿਹੇ ਪੌਦਿਆਂ ਵਿੱਚ ਨਿੰਮ ਦਾ ਰੁੱਖ ਬੇਹੱਦ ਅਹਿਮ ਹੈ।

**ਮਹੱਤਤਾ** : ਨਿੰਮ ਨੂੰ ਭਾਰਤੀ ਉਪ ਮਹਾਂਦੀਪ ਦਾ ਸਭ ਤੋਂ ਅਹਿਮ ਰੁੱਖ ਮੰਨਿਆ ਜਾਂਦਾ ਹੈ। ਨਿੰਮ ਦਾ ਪੂਰੀ ਤਰ੍ਹਾਂ ਵਿਕਸਤ ਰੁੱਖ 10 ਮੀਟਰ ਘੇਰੇ ਤੱਕ ਫੈਲ ਸਕਦਾ ਹੈ। ਫਾਰਸੀ ਸਾਹਿਤ 'ਚ ਇਸ ਨੂੰ 'ਆਜ਼ਾਦ-ਏ-ਹਿੰਦ', ਭਾਵ ਭਾਰਤ ਦਾ ਆਜ਼ਾਦ ਰੁੱਖ ਆਖਿਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਇਸ ਸਮੇਂ 13.8 ਮਿਲੀਅਨ ਨਿੰਮ ਦੇ ਰੁੱਖ ਹਨ, ਜਿਨ੍ਹਾਂ ਤੋਂ 83 ਹਜ਼ਾਰ ਟਨ ਨਿੰਮ ਦਾ ਤੇਲ, 3.3 ਲੱਖ ਟਨ ਨਿੰਮ ਦੇ ਕੇਕ ਅਤੇ 4.13 ਲੱਖ ਟਨ ਨਿੰਮ ਦਾ ਬੀਜ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਦੇ ਇਕ ਰੁੱਖ ਤੋਂ 37-50 ਕਿਲੋ ਨਿਮੋਲੀਆਂ ਪ੍ਰਾਪਤ ਹੁੰਦੀਆਂ ਹਨ। ਇਸ ਦੇ 40 ਕਿਲੋ ਫਲਾਂ ਤੋਂ 24 ਕਿਲੋ ਸੁੱਕਾ ਮਾਦਾ ਅਤੇ 11.52 ਕਿਲੋਂ ਗੁੱਦਾ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ 6 ਕਿਲੋ ਬੂਰਾ ਅਤੇ 1.1 ਕਿਲੋ ਬੀਜ ਦਾ ਛਿਲਕਾ ਪ੍ਰਾਪਤ ਹੁੰਦਾ ਹੈ।

**ਵਿਲੱਖਣਤਾ** : ਨਿੰਮ ਅਜਿਹਾ ਵਿਲੱਖਣ ਰੁੱਖ ਹੈ, ਜਿਸ ਵਿੱਚ ਔਸ਼ਧੀਆਂ ਵਾਲੇ ਬਹੁਤ ਸਾਰੇ ਗੁਣ ਹਨ। ਇਸ ਵਿਚਲੇ ਕੁਦਰਤੀ ਤੱਤ ਬੈਕਟੀਰੀਆ, ਉੱਲ੍ਹੀ ਰੋਗਾਂ ਅਤੇ ਕੀੜੇ-ਮਕੌੜਿਆਂ ਨੂੰ ਭਜਾਉਣ




ਦੀ ਸਮਰੱਥਾ ਰੱਖਦੇ ਹਨ। ਮੁੱਢ ਕਦੀਮ ਤੋਂ ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਨਿੰਮ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਨਿੰਮ ਦੇ ਪੱਤੇ ਪਾਲਤੂ ਜਾਨਵਰਾਂ ਦੀ ਖੁਰਾਕ ਲਈ ਅਤੇ ਫਲਾਂ ਅਤੇ ਬੀਜਾਂ ਤੋਂ ਤੇਲ ਤਿਆਰ ਕੀਤਾ ਜਾਂਦਾ ਹੈ। ਨਿੰਮ ਦੀਆਂ ਜੜ੍ਹਾਂ ਦਵਾਈਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ, ਜਦੋਂ ਕਿ ਲੱਕੜ ਫਰਨੀਚਰ ਤੇ ਹੋਰ ਘਰੇਲੂ ਸਾਮਾਨ ਬਣਾਉਣ ਲਈ ਵਰਤੀ ਜਾਂਦੀ ਹੈ।



**ਸਿਹਤ ਲਈ ਗੁਣਕਾਰੀ** : ਨਿੰਮ ਦੇ ਪੱਤੇ ਖੂਨ ਦੀ ਸਫਾਈ ਲਈ ਮਹੱਤਵਪੂਰਣ ਮੰਨੇ ਗਏ ਹਨ। ਖੂਨ ਦੇ ਵਿਕਾਰਾਂ ਤੋਂ ਗ੍ਰਸਤ ਵਿਅਕਤੀ ਰੋਜ਼ ਸਵੇਰੇ ਨਿੰਮ ਦੇ 10-12 ਪੱਤਿਆਂ ਦਾ ਰਸ ਅੱਧਾ ਕੱਪ ਪਾਣੀ 'ਚ ਪਾ ਕੇ ਪੀ ਸਕਦੇ ਹਨ। ਨਿੰਮ ਦਾ ਤੇਲ ਦੰਦਾਂ ਅਤੇ ਮਸੂੜਿਆਂ ਦੀ ਸੰਭਾਲ ਲਈ ਗੁਣਕਾਰੀ ਹੈ। ਤਿੰਨ ਮਹੀਨੇ ਤੱਕ ਇਸ ਦੀ ਕਾਲੀ ਮਿਰਚ ਨਾਲ ਵਰਤੋਂ ਕਰਨ ਨਾਲ ਸ਼ੂਗਰ ਰੋਗ 'ਤੇ ਕਾਬੂ ਪਾਇਆ ਜਾ ਸਕਦਾ ਹੈ। ਨਿੰਮ ਦੇ ਪੱਤਿਆਂ ਦੇ ਪਾਊਡਰ ਨੂੰ ਸ਼ਹਿਦ 'ਚ ਮਿਲਾ ਕੇ, ਜ਼ਖਮਾਂ ਲਈ ਕਾਰਗਰ ਲੇਪ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਦੇ ਤਾਜ਼ੇ ਪੱਤਿਆਂ ਦਾ ਲੇਪ ਚਿਹਰੇ ਦੇ ਕਿੱਲਾਂ ਅਤੇ ਛਾਈਆਂ ਦੀ ਰੋਕਥਾਮ ਲਈ ਗੁਣਕਾਰੀ ਹੈ। ਚਮੜੀ ਦੇ ਦੂਸਰੇ ਰੋਗਾਂ ਲਈ ਤਿੰਨ ਗ੍ਰਾਮ ਨਿੰਮ ਦੇ ਪੱਤੇ ਅਤੇ ਤਿੰਨ ਗ੍ਰਾਮ ਆਮਾਲਕੀ ਪਾਊਡਰ ਨੂੰ ਘਿਉ 'ਚ ਮਿਲਾ ਕੇ ਵਰਤਣ ਨਾਲ ਇਨ੍ਹਾਂ ਰੋਗਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਸਿਰ 'ਚ ਨਿੰਮ ਦਾ ਤੇਲ ਝੱਸਣ ਨਾਲ ਜੂੰਆਂ ਅਤੇ ਸਿਕਰੀ ਦੀ ਸਮੱਸਿਆ ਨਹੀਂ ਹੁੰਦੀ। ਘਰ ਨੂੰ ਕੀਟਾਣੂਆਂ ਅਤੇ ਮੱਛਰਾਂ-ਮੱਖੀਆਂ ਤੋਂ ਮੁਕਤ ਰੱਖਣ ਲਈ ਸੁੱਕੇ ਪੱਤਿਆਂ ਨੂੰ ਘਿਉ 'ਚ ਮਿਲਾ ਕੇ ਵਰਤਿਆ ਜਾ ਸਕਦਾ ਹੈ।

**ਫਸਲਾਂ ਉੱਪਰ ਵਰਤੋਂ** : ਨਿੰਮ ਨੂੰ ਕੀਟਨਾਸ਼ਕ ਅਤੇ ਰੋਗਨਾਸ਼ਕ ਵਿਸ਼ੇਸ਼ਤਾਵਾਂ ਲਈ ਜਾਣਿਆ ਜਾਂਦਾ ਹੈ। ਨਿੰਮ ਦੇ ਦਰੱਖਤ ਤੋਂ ਪ੍ਰਾਪਤ ਸਾਰੇ ਉਤਪਾਦਾਂ ਵਿਚੋਂ ਬੀਜਾਂ ਦਾ ਤੇਲ ਵਪਾਰਕ ਤੌਰ 'ਤੇ ਸਭ ਤੋਂ ਵੱਧ ਮਹੱਤਵਪੂਰਨ ਹੈ। ਇਹ ਤੇਲ ਕੀਟਨਾਸ਼ਕਾਂ ਤੇ ਮਨੁੱਖੀ ਵਰਤੋਂ ਵਾਲੀਆਂ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਕੁੱਝ ਸਮਾਂ ਪਹਿਲਾਂ ਖਾਦਾਂ ਵਿੱਚ ਨੀਮ ਲਿਪਤ ਯੂਰੀਆ (Neem Coated Urea) ਦੀ ਵਰਤੋਂ ਸ਼ੁਰੂ ਹੋਈ। ਇਸ ਨਾਲ ਮਿੱਟੀ ਦੀ ਸਿਹਤ 'ਚ ਆ ਰਹੇ ਨਿਘਾਰ ਨੂੰ ਠੱਲ ਪਾਈ ਜਾ ਸਕਦੀ ਹੈ ਅਤੇ ਇਸ ਕਾਰਨ ਨਿੰਮ ਦੇ ਤੇਲ ਦੀ ਮੰਗ 'ਚ ਹੋਰ ਵਾਧਾ ਹੋਇਆ ਹੈ। ਨਿੰਮ ਦੇ ਬੀਜਾਂ ਤੋਂ ਬੀਜ ਕੇਕ ਅਤੇ ਦੇਸੀ ਖਾਦ ਵੀ ਤਿਆਰ ਕੀਤੀ ਜਾਂਦੀ ਹੈ। ਨਿੰਮ ਤੋਂ ਤਿਆਰ ਕੀਤੇ ਪਦਾਰਥ ਫਸਲਾਂ ਦੇ ਦੁਸ਼ਮਣ ਕੀੜਿਆਂ ਦੇ ਵਾਧੇ ਨੂੰ ਰੋਕਣ ਦੀ ਸਮਰੱਥਾ ਰੱਖਦੇ ਹਨ ਪਰ ਹੁਣ ਤੱਕ ਇਸ ਤੋਂ ਬਹੁਤ ਘੱਟ ਅਜਿਹੇ ਪਦਾਰਥ ਤਿਆਰ ਕੀਤੇ ਗਏ ਹਨ। ਇਹ ਪਦਾਰਥ ਨਰਮੇ ਅਤੇ ਝੋਨੇ ਦੀ ਖੇਤੀ 'ਚ ਸਿਫਾਰਸ਼ ਕੀਤੇ ਗਏ ਹਨ। ਚਿੱਟੀ ਮੱਖੀ ਅਤੇ ਤਣਾ ਛੇਦਕ ਸੁੰਡੀ ਦੀ ਰੋਕਥਾਮ ਲਈ ਨਿੰਮ ਆਧਾਰਿਤ ਘੋਲ 'ਨਿੰਬੀਸਾਈਡ' ਜਾਂ 'ਅਚੂਕ' ਇਕ ਲੀਟਰ ਦੀ ਪ੍ਰਤੀ ਏਕੜ ਲਈ ਸਿਫਾ ਰਿਸ਼ ਕੀਤੀ ਗਈ ਹੈ। ਨਿੰਮ ਦਾ ਘੋਲ ਤਿਆਰ ਕਰਨ ਲਈ ਨਿੰਮ ਦੇ ਚਾਰ ਕਿਲੋਂ ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ ਨੂੰ 10 ਲਿਟਰ ਪਾਣੀ 'ਚ 30 ਮਿੰਟ ਤੱਕ ਉਬਾਲੋ। ਇਸ ਘੋਲ ਨੂੰ ਕੱਪੜੇ ਨਾਲ ਛਾਣ ਲਵੋ ਅਤੇ ਤਰਲ ਦਾ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਫਸਲ ਉਪਰ ਛਿੜਕਾਅ ਕਰੋ। ਇਹ ਘੋਲ ਫਸਲਾਂ ਦੀਆਂ ਕਈਂ ਬਿਮਾਰੀਆਂ ਨੂੰ ਕਾਬੂ ਕਰਨ 'ਚ ਵੀ ਕਾਫੀ ਲਾਭਕਾਰੀ ਹੈ। ਉਮੀਦ ਹੈ ਕਿ ਭਵਿੱਖ ਵਿਚ ਨਿੰਮ ਤੋਂ ਤਿਆਰ ਹੋਰ ਪਦਾਰਥ ਵੀ ਵਰਤੋਂ 'ਚ ਆਉਣਗੇ।

**ਅਸ਼ੋਕ ਕੁਮਾਰ ਧਾਕੜ,**
**ਵਿਜੈ ਕੁਮਾਰ**



# ਸੱਪਾਂ ਨੂੰ ਭਜਾਉਣ 'ਚ ਮਦਦਗਾਰ ਹੁੰਦਾ ਹੈ ਸਰਪਗੰਧਾ ਦਾ ਪੌਦਾ

**ਖੇਤਾਂ ਵਿਚ ਮੀਂਹ ਕਾਰਨ ਸੱਪ ਘਰਾਂ ਅਤੇ ਦੁਕਾਨਾਂ ਵਿਚ ਵੜ ਜਾਂਦੇ ਹਨ। ਜਿੱਥੇ ਉਨ੍ਹਾਂ ਨੂੰ ਕਬਾੜ ਅਤੇ ਖਾਲੀ ਥਾਂ ਮਿਲਦੀ ਹੈ। ਉੱਥੇ ਜਾ ਕੇ ਵੀ ਬੈਠ ਜਾਂਦੇ ਹਨ। ਕਈ ਵਾਰ ਇਹ ਸੱਪ ਲੋਕਾਂ ਨੂੰ ਡੰਗ ਮਾਰ ਦਿੰਦੇ ਹਨ। ਜਿਸ ਨਾਲ ਕਈ ਵਾਰ ਲੋਕ ਮਰ ਵੀ ਜਾਂਦੇ ਹਨ। ਵੈਸੇ ਤਾਂ ਸੱਪ ਕੁਝ ਨਹੀਂ ਕਹਿੰਦਾ, ਉਹ ਆਪਣੇ ਬਚਾਅ ਵਿਚ ਹਮਲਾ ਕਰਦਾ ਹੈ। ਅੱਜਕਲ੍ਹ ਵੈਸੇ ਵੀ ਸੱਪਾਂ ਦੇ ਕੇਸ ਬਹੁਤ ਘੱਟ ਆ ਰਹੇ ਹਨ। ਹੁਣ ਤੱਕ ਇਕ ਸਾਲ ਵਿਚ 58 ਮਾਮਲੇ ਸਾਹਮਣੇ ਆ ਚੁੱਕੇ ਹਨ ਅਤੇ 5 ਲੋਕਾਂ ਦੀ ਮੌਤ ਹੋ ਚੁੱਕੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਦਿਨ ਵਿਚ ਸੱਪਾਂ ਦੇ ਡੰਗਣ ਵਾਲੇ ਕਰੀਬ 6 ਵਿਅਕਤੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸੱਪਾਂ ਨੂੰ ਘਰਾਂ, ਦੁਕਾਨਾਂ ਅਤੇ ਖੇਤਾਂ ਤੋਂ ਦੂਰ ਰੱਖਣ ਲਈ ਆਯੁਰਵੇਦ ਵਿਚ ਸਰਪਗੰਧਾ ਨਾਮਕ ਪੌਦਾ ਬਹੁਤ ਮਦਦਗਾਰ ਹੈ। ਇਹ ਇਕ ਕੁਦਰਤੀ ਤਰੀਕਾ ਮੁਹੱਈਆ ਕਰਦਾ ਹੈ।**

## ਪੌਦੇ ਦੀ ਖੁਸ਼ਬੂ ਨਾਲ ਸੱਪ ਖੇਤਾਂ ਅਤੇ ਘਰਾਂ ਵਿਚ ਨਹੀਂ ਵੜਦੇ

### ਸਰਪਗੰਧਾ ਦੀ ਜਾਣ-ਪਛਾਣ

ਸਰਪਗੰਧਾ, ਜਿਸ ਨੂੰ ਵਿਗਿਆਨਕ ਤੌਰ 'ਤੇ ਰਾਉਵੋਲਫੀਆ ਸਰਪੈਂਟੀਨਾ ਵੀ ਕਿਹਾ ਜਾਂਦਾ ਹੈ, ਇਕ ਕੁਦਰਤੀ ਪੌਦਾ ਹੈ ਜਿਸਦੀ ਗੰਧ ਸੱਪਾਂ ਨੂੰ ਭਜਾਉਂਦੀ ਹੈ। ਇਸ ਦੇ ਪੱਤੇ ਹਰੇ ਚਮਕਦਾਰ ਹੁੰਦੇ ਹਨ, ਜਦੋਂ ਕਿ ਜੜ੍ਹ ਦਾ ਰੰਗ ਪੀਲਾ ਅਤੇ ਭੂਰਾ ਹੁੰਦਾ ਹੈ। ਇਸ ਦੀ ਗੰਧ ਇੰਨੀ ਅਜੀਬ ਹੁੰਦੀ ਹੈ ਕਿ ਸੱਪ ਇਸ ਨੂੰ ਬਰਦਾਸ਼ਤ ਨਹੀਂ ਕਰ ਪਾਉਂਦੇ ਅਤੇ ਭੱਜ ਜਾਂਦੇ ਹਨ।

### ਸਰਪਗੰਧਾ ਦੇ ਗੁਣ

ਇਸ ਪੌਦੇ ਨੂੰ ਜ਼ਹਿਰੀਲੇ ਸੱਪਾਂ ਦੇ ਡੰਗਣ ਤੋਂ ਬਾਅਦ ਐਂਟੀਡੋਟ ਵਜੋਂ ਵੀ ਵਰਤਿਆ ਜਾਂਦਾ ਹੈ। ਇਸ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ 'ਚ ਜ਼ਹਿਰਾਂ ਨੂੰ ਬੇਅਸਰ ਕਰਨ ਦੀ ਸਮਰੱਥਾ ਹੈ, ਜਿਸ ਨਾਲ ਜ਼ਹਿਰੀਲੇ ਜੀਵਾਂ ਦੇ ਪ੍ਰਭਾਵਾਂ ਨੂੰ ਘਟਾਇਆ ਜਾ ਸਕਦਾ ਹੈ। ਇਹ ਜ਼ਹਿਰੀਲੇ ਪ੍ਰਤੀਕਰਮ ਨੂੰ ਬਿਹਤਰ ਬਣਾਉਣ ਦਾ ਇਕ ਕੁਦਰਤੀ ਤਰੀਕਾ ਹੋ ਸਕਦਾ ਹੈ।

### ਆਯੁਰਵੇਦ ਵਿਚ ਸਰਪਗੰਧਾ

ਸਰਪਗੰਧਾ ਦੀ ਵਰਤੋਂ ਆਯੁਰਵੇਦ ਵਿਚ ਜ਼ਹਿਰੀਲੇ ਜੀਵਾਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਚਰਕ ਸੰਹਿਤਾ ਵਿਚ, ਇਸ ਪੌਦੇ ਦਾ ਜ਼ਿਕਰ ਜ਼ਹਿਰੀਲੇ ਜੀਵਾਂ ਦੇ ਕੱਟਣ ਤੋਂ ਬਾਅਦ ਇਕ ਇਲਾਜ ਵਜੋਂ ਕੀਤਾ ਗਿਆ ਹੈ। ਇਸ ਦੀਆਂ ਪੱਤੀਆਂ ਅਤੇ ਜੜ੍ਹਾਂ ਨੂੰ ਜ਼ਹਿਰੀਲੀ ਥਾਂ 'ਤੇ ਲਗਾਉਣ ਨਾਲ ਜ਼ਹਿਰ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕਦਾ ਹੈ।

### ਸਾਵਧਾਨੀਆਂ ਅਤੇ ਸੁਰੱਖਿਆ

ਹਾਲਾਂਕਿ ਸਰਪਗੰਧਾ ਸੱਪਾਂ ਨੂੰ ਭਜਾਉਣ ਦਾ ਇਕ ਕੁਦਰਤੀ ਤਰੀਕਾ ਹੋ ਸਕਦਾ ਹੈ, ਇਸ ਦੀ ਵੱਧ ਵਰਤੋਂ ਕਰਨ ਤੋਂ ਪਹਿਲਾਂ ਇੱਕ ਮਾਹਰ ਜਾਂ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ। ਅਤਿਅੰਤ ਸਥਿਤੀਆਂ 'ਚ, ਇਸ ਪੌਦੇ ਦੇ ਪੱਤੇ ਅਤੇ ਸੱਕ ਦੀ ਵਰਤੋਂ ਬਿੱਛੂ ਅਤੇ ਮੱਕੜੀ ਦੇ ਜ਼ਹਿਰ ਦੇ ਇਲਾਜ ਲਈ ਵੀ ਕੀਤੀ ਜਾ ਸਕਦੀ ਹੈ, ਪਰ ਸੁਰੱਖਿਆ ਦੇ ਨਾਲ ਸਰਪਗੰਧਾ, ਇਕ ਕੁਦਰਤੀ ਪੌਦਾ, ਬਰਸਾਤ ਦੇ ਮੌਸਮ 'ਚ ਸੱਪਾਂ ਨੂੰ ਭਜਾਉਣ ਦਾ ਇਕ ਵਿਸ਼ੇਸ਼ ਤਰੀਕਾ ਮੁਹੱਈਆ ਕਰਦਾ ਹੈ। ਇਸ ਦੀ ਗੰਧ ਸੱਪਾਂ ਨੂੰ ਦੂਰ ਕਰਦੀ ਹੈ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਜ਼ਹਿਰ ਪ੍ਰਤੀਕ੍ਰਿਆ ਨੂੰ ਬਿਹਤਰ ਬਣਾਉਣ 'ਚ ਮਦਦ ਕਰ ਸਕਦੀਆਂ ਹਨ। ਹਾਲਾਂਕਿ ਸਾਵਧਾਨੀ ਦੇ ਨਾਲ, ਇਸਦੀ ਸਹੀ ਵਰਤੋਂ ਕਰਨਾ ਜ਼ਰੂਰੀ ਹੈ ਅਤੇ ਮਾਹਿਰ ਦੀ ਸਲਾਹ ਲੈਣਾ ਸੁਰੱਖਿਅਤ ਰਹੇਗਾ।

## ਚੰਗੀ ਕਮਾਈ ਤੇ ਵਧੀਆ ਤੇਲ ਲਈ

# ਸਰ੍ਹੋਂ ਜਾਤੀ ਦੀਆਂ ਫ਼ਸਲਾਂ ਦੀ ਕਾਸ਼ਤ

ਜਗਜੋਤ ਸਿੰਘ ਗਿੱਲ, ਮਨਿੰਦਰ ਸਿੰਘ
ਫਾਰਮ ਸਲਾਹਕਾਰ ਸੇਵਾ ਕੇਂਦਰ, ਫਿਰੋਜ਼ਪੁਰ ਤੇ
ਫਾਰਮ ਸਲਾਹਕਾਰ ਸੇਵਾ ਕੇਂਦਰ, ਜਲੰਧਰ

ਤੋਰੀਆ, ਗੋਭੀ ਸਰ੍ਹੋਂ, ਰਾਇਆ, ਅਫ਼ਰੀਕਨ ਸਰ੍ਹੋਂ ਅਤੇ ਤਾਰਾਮੀਰਾ ਸਰ੍ਹੋਂ ਜਾਤੀ ਦੀਆਂ ਫ਼ਸਲਾਂ ਹਨ । ਤੋਰੀਆ, ਗੋਭੀ ਸਰ੍ਹੋਂ ਅਤੇ ਅਮਰੀਕਨ ਸਰ੍ਹੋਂ ਫ਼ਸਲਾਂ ਸੇਂਜੂ ਹਾਲਤਾਂ ਵਿੱਚ ਦਰਮਿਆਨੀ ਤੋਂ ਭਾਰੀ ਬਾਰਿਸ਼ ਵਾਲੇ ਇਲਾਕਿਆਂ ਲਈ ਢੁਕਵੀਆਂ ਹਨ । ਰਾਇਆ ਦੀ ਕਾਸ਼ਤ ਸੇਂਜੂ ਅਤੇ ਬਰਾਨੀ ਦੋਵੇਂ ਹਾਲਤਾਂ ਵਿੱਚ ਹੀ ਕੀਤੀ ਜਾ ਸਕਦੀ ਹੈ, ਪਰ ਤਾਰਾਮੀਰਾ ਸਿਰਫ਼ ਬਰਾਨੀ ਅਤੇ ਘੱਟ ਬਾਰਿਸ਼ ਵਾਲੇ ਇਲਾਕਿਆਂ ਲਈ ਢੁਕਵਾਂ ਹੈ । ਸਰ੍ਹੋਂ ਜਾਤੀ ਦੀਆਂ ਫ਼ਸਲਾਂ ਦੇ ਨਾਲ ਝੋਨਾ-ਕਣਕ ਫ਼ਸਲੀ ਚੱਕਰ ਤੋਂ ਹਟ ਕੇ ਫ਼ਸਲੀ ਭਿੰਨਤਾ ਦੇ ਨਾਲ-ਨਾਲ ਪ੍ਰੋਸੈਸਿੰਗ ਕਰ ਕੇ ਤੇਲ ਅਤੇ ਖ਼ਲ ਦੀ ਪੈਦਾਵਾਰ ਕਰਕੇ ਚੰਗੀ ਕਮਾਈ ਵੀ ਕੀਤੀ ਜਾ ਸਕਦੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਰਾਇਆ ਦੀ ਕਿਸਮਾਂ ਆਰ.ਐਲ.ਸੀ.-3, ਆਰ.ਸੀ.ਐਚ.-1 ਅਤੇ ਗੋਭੀ ਸਰ੍ਹੋਂ ਦੀਆਂ ਜੀ.ਐਸ.ਸੀ.-6, ਜੀ.ਐਸ.ਸੀ.-7, ਪੀ.ਜੀ.ਐਸ.ਐਚ.-1707 ਕਨੋਲਾ ਕਿਸਮਾਂ ਹਨ, ਜਿਨ੍ਹਾਂ ਤੋਂ ਚੰਗੀ ਗੁਣਵੱਤਾ ਦਾ ਤੇਲ ਅਤੇ ਖ਼ਲ ਪੈਦਾ ਕਰਕੇ ਚੰਗੀ ਸਿਹਤ ਦੇ ਨਾਲ-ਨਾਲ ਕਮਾਈ ਵਿੱਚ ਵੀ ਵਾਧਾ ਕੀਤਾ ਜਾ ਸਕਦਾ ਹੈ । ਸਰ੍ਹੋਂ ਜਾਤੀ ਦੀਆਂ ਫ਼ਸਲਾਂ ਦੀ ਕਾਸ਼ਤ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਹੇਠ ਲਿਖੀਆਂ ਤਕਨੀਕਾਂ ਜ਼ਰੂਰ ਅਪਨਾਓ ।

**ਜ਼ਮੀਨ** : ਤੋਰੀਆ ਫ਼ਸਲ ਦੀ ਕਾਸ਼ਤ ਮੈਰਾ ਜ਼ਮੀਨ ਵਿੱਚ ਕਰਨੀ ਚਾਹੀਦੀ ਹੈ, ਜਦੋਂ ਕਿ ਰਾਇਆ, ਗੋਭੀ ਸਰ੍ਹੋਂ ਅਤੇ ਅਫ਼ਰੀਕਨ ਸਰ੍ਹੋਂ ਨੂੰ ਹਰ ਤਰ੍ਹਾਂ ਦੀ ਜ਼ਮੀਨ ਵਿੱਚ ਬੀਜਿਆ ਜਾ ਸਕਦਾ ਹੈ । ਤਾਰਾਮੀਰਾ ਦੀ ਕਾਸ਼ਤ ਲਈ ਰੇਤਲੀ ਅਤੇ ਮੈਰਾ-ਰੇਤਲੀ ਜ਼ਮੀਨ ਚੰਗੀ ਹੈ ।

**ਉੱਨਤ ਕਿਸਮਾਂ** : ਤੋਰੀਏ ਦੀਆਂ ਉੱਨਤ ਕਿਸਮਾਂ ਵਿੱਚ ਟੀ.ਐਲ.-17, ਟੀ.ਐਲ.-15, ਰਾਇਆ ਵਿੱਚ ਪੀ. ਐਚ. ਆਰ.-127, ਆਰ. ਸੀ. ਐਚ-1 (ਕਨੋਲਾ ਕਿਸਮ), ਪੀ. ਐਚ. ਆਰ.-126, ਗਿਰੀਰਾਜ, ਆਰ. ਐਲ. ਸੀ.-3 (ਕਨੋਲਾ ਕਿਸਮ), ਪੀ. ਬੀ. ਆਰ.-357, ਪੀ. ਬੀ. ਆਰ.-97, ਪੀ. ਬੀ. ਆਰ.-91, ਗੋਭੀ ਸਰ੍ਹੋਂ ਵਿੱਚ ਪੀ. ਜੀ. ਐਸ. ਐਚ.-2155 (ਕਨੋਲਾ), ਪੀ. ਜੀ. ਐਸ. ਐਚ.-1707 (ਕਨੋਲਾ), ਜੀ. ਐਸ. ਸੀ.-7 (ਕਨੋਲਾ), ਜੀ. ਐਸ. ਸੀ.-6 (ਕਨੋਲਾ), ਅਫਰੀਕਨ ਸਰ੍ਹੋਂ ਵਿੱਚ ਪੀਸੀ-6 ਅਤੇ ਤਾਰਾਮੀਰਾ ਵਿੱਚ ਟੀ. ਐਮ. ਐਲ. ਸੀ.-2 ਕਿਸਮ ਹੈ ।



**ਖੇਤ ਦੀ ਤਿਆਰੀ** : ਖੇਤ ਨੂੰ 2 ਤੋਂ 4 ਵਾਰ ਵਾਹੋ ਅਤੇ ਹਰ ਵਾਰ ਵਾਹੀ ਮਗਰੋਂ ਜ਼ਰੂਰ ਫੇਰੋ । ਬਰਾਨੀ ਹਾਲਤਾਂ ਵਿੱਚ 1 ਤੋਂ 2 ਵਾਰ ਵਾਹੀ ਕਰੋ ਅਤੇ ਹਰ ਵਾਹੀ ਬਾਅਦ ਸੁਹਾਗਾ ਜ਼ਰੂਰ ਕਰੋ ।

**ਬਿਜਾਈ ਦਾ ਸਮਾਂ** : ਤੋਰੀਏ ਦੀ ਬਿਜਾਈ ਸਤੰਬਰ ਮਹੀਨੇ ਢੁਕਵੀਂ ਹੈ । ਗੋਭੀ ਸਰ੍ਹੋਂ ਦੀ ਬਿਜਾਈ 10 ਤੋਂ 30 ਅਕਤੂਬਰ ਦਰਮਿਆਨ ਕਰੋ । ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਚੰਗੀ ਹੈ । ਤਾਰਾਮੀਰਾ ਦੀ ਬਿਜਾਈ ਅਕਤੂਬਰ ਦੇ ਮਹੀਨੇ ਢੁਕਵੀਂ ਹੈ ।

**ਬੀਜ ਨੂੰ ਟੀਕਾ ਲਾਉਣਾ** : ਸਰ੍ਹੋਂ ਜਾਤੀ ਦੀਆਂ ਫ਼ਸਲਾਂ ਦੇ ਬੀਜ ਨੂੰ ਜੀਵਾਣੂ ਖਾਦ ਦਾ ਟੀਕਾ ਜ਼ਰੂਰ ਲਗਾਓ । ਇੱਕ ਏਕੜ ਦੇ ਬੀਜ ਨੂੰ ਸਾਫ਼ ਫ਼ਰਸ਼ ਜਾਂ ਪੋਲੀਥੀਨ ਸ਼ੀਟ ਉੱਪਰ 50-100 ਮਿਲੀਲਿਟਰ ਪਾਣੀ ਨਾਲ ਗਿੱਲਾ ਕਰਕੇ 250 ਗ੍ਰਾਮ ਸੂਡੋਮੋਨਾਸ ਪੁਟੀਡਾ ਐਮ.ਐਲ.ਈ.ਐਸ.-8 ਜੀਵਾਣੂ ਖਾਦ ਨਾਲ ਚੰਗੀ ਤਰ੍ਹਾਂ ਰਲਾ ਕੇ ਛਾਵੇਂ ਸੁਕਾ ਕੇ ਤੁਰੰਤ ਬਿਜਾਈ ਕਰੋ ।

**ਬੀਜ ਦੀ ਮਾਤਰਾ ਤੇ ਬਿਜਾਈ ਦਾ ਢੰਗ** : ਤੋਰੀਆ, ਰਾਇਆ, ਗੋਭੀ, ਸਰ੍ਹੋਂ, ਅਫਰੀਕਨ ਸਰ੍ਹੋਂ ਅਤੇ ਤਾਰਾਮੀਰਾ ਫ਼ਸਲਾਂ ਦੀ ਬਿਜਾਈ 1.5 ਕਿਲੋ ਬੀਜ ਪ੍ਰਤੀ ਏਕੜ ਨਾਲ ਕਰੋ । ਤੋਰੀਆ, ਰਾਇਆ, ਅਫਰੀਕਨ ਸਰ੍ਹੋਂ ਅਤੇ ਤਾਰਾਮੀਰਾ ਨੂੰ 30 ਸੈਂਟੀਮੀਟਰ ਅਤੇ ਗੋਭੀ ਸਰ੍ਹੋਂ ਨੂੰ 45 ਸੈਂਟੀਮੀਟਰ ਦੂਰ ਕਤਾਰਾਂ ਵਿੱਚ ਬੀਜੋ । ਬੀਜ ਨੂੰ 4-5 ਸੈਂਟੀਮੀਟਰ ਡੂੰਘਾ ਬੀਜੋ ।

**ਖਾਦਾਂ** : ਖਾਦਾਂ ਦੀ ਵਰਤੋਂ ਮਿੱਟੀ ਪਰਖ ਰਿਪੋਰਟ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ । ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਜ਼ਮੀਨਾਂ ਵਿੱਚ ਸੇਂਜੂ ਹਾਲਤਾਂ ਵਿੱਚ ਤੋਰੀਏ ਦੀ ਫ਼ਸਲ ਨੂੰ 55 ਕਿਲੋ ਪ੍ਰਤੀ ਏਕੜ ਯੂਰੀਆ ਅਤੇ 50 ਕਿਲੋ ਪ੍ਰਤੀ ਏਕੜ ਸੁਪਰਫਾਸਫੇਟ ਬਿਜਾਈ ਸਮੇਂ ਪੋਰ ਦਿਓ । ਰਾਇਆ, ਗੋਭੀ ਸਰ੍ਹੋਂ ਅਤੇ ਅਫਰੀਕਨ ਸਰ੍ਹੋਂ ਨੂੰ 45 ਕਿਲੋ ਪ੍ਰਤੀ ਏਕੜ ਯੂਰੀਆ ਦੀ ਪਹਿਲੀ ਕਿਸ਼ਤ ਅਤੇ 75 ਕਿਲੋ ਪ੍ਰਤੀ ਏਕੜ ਸੁਪਰਫਾਸਫੇਟ ਬਿਜਾਈ ਸਮੇਂ ਪਾਓ । 45 ਕਿਲੋ ਪ੍ਰਤੀ ਏਕੜ ਯੂਰੀਆ ਦੀ ਦੂਜੀ ਕਿਸ਼ਤ ਪਹਿਲੇ ਪਾਣੀ ਨਾਲ ਤਿੰਨ ਤੋਂ ਵਧ ਹਫ਼ਤੇ ਬਾਅਦ ਪਾਓ । ਬਰਾਨੀ ਹਾਲਤਾਂ ਵਿੱਚ ਰਾਇਆ ਦੀ ਫ਼ਸਲ ਨੂੰ 33 ਕਿਲੋ ਯੂਰੀਆ ਪ੍ਰਤੀ ਏਕੜ ਅਤੇ 50 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਤੋਂ ਪਹਿਲਾਂ ਪਾਓ । ਬਰਾਨੀ ਹਾਲਤਾਂ ਵਿੱਚ ਤਾਰਾਮੀਰਾ ਦੀ ਫ਼ਸਲ ਨੂੰ 26 ਕਿਲੋ ਯੂਰੀਆ ਪ੍ਰਤੀ ਏਕੜ ਬਿਜਾਈ ਤੋਂ ਪਹਿਲਾਂ ਪਾਓ । ਪੋਟਾਸ਼ ਤੱਤ ਦੀ ਵਰਤੋਂ ਜ਼ਮੀਨ ਵਿੱਚ ਪੋਟਾਸ਼ ਦੀ ਘਾਟ ਆਉਣ 'ਤੇ ਕਰੋ ।

**ਨਦੀਨਾਂ ਦੀ ਰੋਕਥਾਮ** : ਨਦੀਨਾਂ ਦੀ ਰੋਕਥਾਮ ਲਈ ਤੋਰੀਏ ਦੀ ਫ਼ਸਲ ਨੂੰ ਬਿਜਾਈ ਤੋਂ 3 ਹਫ਼ਤੇ ਬਾਅਦ ਇੱਕ ਗੋਡੀ ਕਰਨੀ ਚਾਹੀਦੀ ਹੈ । ਰਾਇਆ, ਗੋਭੀ ਸਰ੍ਹੋਂ, ਅਫਰੀਕਨ ਸਰ੍ਹੋਂ ਅਤੇ ਤਾਰਾਮੀਰਾ ਨੂੰ ਬਿਜਾਈ ਤੋਂ 3-4 ਹਫ਼ਤੇ ਬਾਅਦ ਪਹਿਲੀ ਗੋਡੀ ਕੀਤੀ ਜਾ ਸਕਦੀ ਹੈ ਅਤੇ ਅਤੇ ਇਸ ਤੋਂ 3 ਹਫ਼ਤੇ ਬਾਅਦ ਦੂਜੀ ਗੋਡੀ ਕਰ ਸਕਦੇ ਹਾਂ ।

**ਸਿੰਚਾਈ** : ਤੋਰੀਆ, ਰਾਇਆ, ਗੋਭੀ ਸਰ੍ਹੋਂ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ ਤੋਂ ਪਹਿਲਾਂ ਭਰਵੀਂ ਰੌਣੀ ਕਰ ਲੈਣੀ ਚਾਹੀਦੀ ਹੈ । ਤੋਰੀਏ ਦੀ ਫ਼ਸਲ ਨੂੰ ਜੇ ਲੋੜ ਹੋਵੇ ਤਾਂ ਇਹ ਸਿੰਚਾਈ ਫੁੱਲ ਪੈਣ ਸਮੇਂ ਕਰੋ । ਰਾਇਆ, ਗੋਭੀ ਸਰ੍ਹੋਂ ਅਤੇ ਅਫਰੀਕਨ ਸਰ੍ਹੋਂ ਨੂੰ ਪਹਿਲੀ ਸਿੰਚਾਈ ਬਿਜਾਈ ਤੋਂ 3-4 ਹਫ਼ਤੇ ਬਾਅਦ ਕਰੋ । ਰਾਇਆ ਅਤੇ ਅਫਰੀਕਨ ਸਰ੍ਹੋਂ ਨੂੰ ਦੂਜੀ ਸਿੰਚਾਈ ਜੇ ਲੋੜ ਹੋਵੇ ਤਾਂ ਫੁੱਲ ਪੈਣ 'ਤੇ ਦਿੱਤੀ ਜਾ ਸਕਦੀ ਹੈ । ਗੋਭੀ ਸਰ੍ਹੋਂ ਦੀ ਫ਼ਸਲ ਨੂੰ ਦੂਜੀ ਸਿੰਚਾਈ ਲੋੜ ਅਨੁਸਾਰ ਅਖੀਰ ਦਸੰਬਰ ਜਾਂ ਸ਼ੁਰੂ ਜਨਵਰੀ ਵਿੱਚ ਦਿੱਤੀ ਜਾ ਸਕਦੀ ਹੈ । ਤੀਜੀ ਸਿੰਚਾਈ ਫਰਵਰੀ ਦੇ ਦੂਜੇ ਪੰਦਰਵਾੜੇ ਵਿੱਚ ਕੀਤੀ ਜਾ ਸਕਦੀ ਹੈ ।

**ਕਟਾਈ ਤੇ ਗਹਾਈ** : ਫਲੀਆਂ ਪੀਲੀਆਂ ਹੋ ਜਾਣ 'ਤੇ ਫ਼ਸਲ ਕੱਟਣ ਲਈ ਤਿਆਰ ਹੋ ਜਾਂਦੀ ਹੈ । ਰਾਇਆ ਅਤੇ ਤਾਰਾਮੀਰਾ ਦੀ ਫ਼ਸਲ ਮਾਰਚ ਦੇ ਮਹੀਨੇ, ਜਦੋਂ ਕਿ ਗੋਭੀ ਸਰ੍ਹੋਂ ਅਤੇ ਅਫਰੀਕਨ ਸਰ੍ਹੋਂ ਦੀ ਫ਼ਸਲ ਅਪ੍ਰੈਲ ਦੇ ਪੰਦਰਵਾੜੇ ਵਿੱਚ ਕਟਾਈ ਲਈ ਤਿਆਰ ਹੋ ਜਾਂਦੀ ਹੈ । ਕੱਟੀ ਹੋਈ ਫ਼ਸਲ ਨੂੰ ਢੇਰ ਬਣਾ ਕੇ ਰੱਖੋ । ਕਿੱਲੀਆਂ ਵਾਲੇ ਕਣਕ ਦੇ ਥ੍ਰੈਸ਼ਰ ਵਿੱਚ ਕੁਝ ਤਬਦੀਲੀਆਂ ਕਰਕੇ ਗਹਾਈ ਲਈ ਵਰਤਿਆ ਜਾ ਸਕਦਾ ਹੈ ।

# ਕੇਂਦਰ ਆਪਣੀ 'ਫੂਡ ਪ੍ਰੋਸੈਸਿੰਗ' ਯੋਜਨਾ ਅੱਗੇ ਕਿਉਂ ਵਧਾਉਣਾ ਚਾਹੁੰਦਾ ਹੈ?

ਪ੍ਰੋਸੈਸਿੰਗ ਉਦਯੋਗ ਮੰਤਰਾਲੇ ਨੇ ਆਪਣੀ ਪ੍ਰਮੁੱਖ 10,000 ਕਰੋੜ ਦੀ 'ਪ੍ਰਧਾਨ ਮੰਤਰੀ ਸੂਖਮ ਫੂਡ ਉਦਯੋਗ ਪ੍ਰਗਤੀਸ਼ੀਲ ਯੋਜਨਾ' (ਪੀ. ਐਮ. ਐਫ. ਐਮ. ਈ) ਨੂੰ ਪੰਜ ਸਾਲ ਦਾ ਵਾਧਾ ਦੇਣ ਦੀ ਮੰਗ ਕੀਤੀ ਹੈ । ਪੀ. ਐਮ. ਐਫ. ਐਮ. ਈ. ਕੀ ਹੈ ?

29 ਜੂਨ, 2020 ਨੂੰ ਇੱਕ ਕੇਂਦਰ ਪ੍ਰਯੋਜਿਤ ਯੋਜਨਾ ਵਜੋਂ ਸ਼ੁਰੂ ਕੀਤੀ ਗਈ ਪੀ. ਐਮ. ਐਫ. ਐਮ. ਈ. ਨੂੰ ਵਿੱਤੀ ਸਾਲ 2020-25 ਲਈ 10,000 ਕਰੋੜ ਰੁਪਏ ਅਲਾਟ ਕੀਤੇ ਗਏ ਸਨ । ਬਾਅਦ ਵਿੱਚ ਇਸ ਯੋਜਨਾ ਨੂੰ ਵਿੱਤੀ ਸਾਲ 2025-26 ਤੱਕ ਅਤੇ ਉਸ ਤੋਂ ਬਾਅਦ 30 ਸਤੰਬਰ 2026 ਤੱਕ ਜਾਰੀ ਰੱਖਿਆ ਗਿਆ ।

ਇਹ ਉੱਦਮੀਆਂ ਨੂੰ ਨਵੀਆਂ ਇਕਾਈਆਂ ਸਥਾਪਤ ਕਰਨ ਜਾਂ ਮੌਜੂਦਾ ਇਕਾਈਆਂ ਦੀ ਅੱਪਗ੍ਰੇਡੇਸ਼ਨ ਲਈ ਵਿੱਤੀ, ਤਕਨੀਕੀ ਅਤੇ ਵਪਾਰਕ ਸਹਾਇਤਾ ਮੁਹੱਈਆ ਕਰਦੀ ਹੈ । ਯੋਜਨਾ ਤਹਿਤ ਖਰਚੇ ਨੂੰ ਕੇਂਦਰ ਅਤੇ ਰਾਜਾਂ ਵਿਚਾਲੇ 60:40 ਦੇ ਅਨੁਪਾਤ ਵਿੱਚ ਸਾਂਝਾ ਕੀਤਾ ਜਾਂਦਾ ਹੈ, ਜਦੋਂ ਕਿ ਉੱਤਰ-ਪੂਰਬ ਅਤੇ ਹਿਮਾਲੀਅਨ ਸੂਬਿਆਂ ਲਈ ਇਹ ਅਨੁਪਾਤ 90:10 ਹੈ । ਵਿਧਾਨ ਸਭਾ ਵਾਲੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਕੇਂਦਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ 60:40 ਦੇ ਅਨੁਪਾਤ ਵਿੱਚ ਲਗਾਤਾਰ ਸਾਂਝੀ ਕਰਦੇ ਹਨ, ਜਦੋਂ ਕਿ ਹੋਰ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਲਈ ਕੇਂਦਰ 100 ਫ਼ੀਸਦੀ ਖਰਚਾ ਚੁੱਕਦਾ ਹੈ ।

ਇਹ ਯੋਜਨਾ ਪਾਤਰ ਸੂਖਮ ਫੂਡ ਪ੍ਰੋਸੈਸਿੰਗ ਉਦਯੋਗਾਂ ਲਈ 35 ਫ਼ੀਸਦੀ ਕ੍ਰੈਡਿਟ-ਲਿੰਕਡ ਪੂੰਜੀਗਤ ਸਬਸਿਡੀ ਮੁਹੱਈਆ ਕਰਦੀ ਹੈ, ਜਿਸ ਵਿੱਚ 30 ਲੱਖ ਰੁਪਏ ਤੱਕ ਦੀ ਲਾਗਤ ਵਾਲੇ ਪ੍ਰਜੈਕਟਾਂ ਲਈ ਸਬਸਿਡੀ ਸਹਾਇਤਾ ਉਪਲਬਧ ਹੈ ।

ਇਸ ਯੋਜਨਾ ਦਾ ਉਦੇਸ਼ ਛੋਟੇ ਅਤੇ ਗੈਰ-ਰਸਮੀ ਫੂਡ ਪ੍ਰੋਸੈਸਿੰਗ ਕਾਰੋਬਾਰਾਂ ਨੂੰ ਰਸਮੀ ਬਣਾਉਣ, ਚਲਾਉਣ ਵਿੱਚ ਸੁਧਾਰ ਕਰਨ ਅਤੇ ਸੰਸਥਾਗਤ ਵਿੱਤ ਤੱਕ ਪਹੁੰਚ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ ।

**ਰਸਮੀਕਰਨ ਕਿਉਂ ਮਹੱਤਵਪੂਰਨ ਹੈ ?** : ਰਸਮੀਕਰਨ ਛੋਟੇ ਕਾਰੋਬਾਰਾਂ ਨੂੰ ਗੈਰ-ਰਸਮੀ ਸੰਚਾਲਣ ਤੋਂ ਸੰਗਠਿਤ ਢਾਂਚਿਆਂ ਵਿੱਚ ਤਬਦੀਲ ਹੋਣ ਵਿੱਚ ਮਦਦ ਕਰ ਸਕਦਾ ਹੈ । ਸੂਖਮ ਫੂਡ ਪ੍ਰੋਸੈਸਿੰਗ ਇਕਾਈਆਂ ਲਈ, ਇਹ ਬਿਹਤਰ ਸਾਜ਼ੋ-ਸਾਮਾਨ, ਪੈਕਿੰਗ, ਗੁਣਵੱਤਾ ਦੇ ਮਿਆਰਾਂ ਅਤੇ ਤਕਨਾਲੋਜੀ ਵਿੱਚ ਨਿਵੇਸ਼ ਕਰਨ ਵਿੱਚ ਵੀ ਸਹਾਇਤਾ ਕਰ ਸਕਦਾ ਹੈ ।



ਇਸ ਨਾਲ ਉਤਪਾਦਕਤਾ ਵਿੱਚ ਸੁਧਾਰ ਹੋ ਸਕਦਾ ਹੈ ਅਤੇ ਫ਼ਸਲ ਦੀ ਕਟਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ । ਰਸਮੀ ਕਾਰੋਬਾਰਾਂ ਲਈ ਸੰਗਠਿਤ ਪ੍ਰਚੂਨ ਵਿਕਰੇਤਾਵਾਂ ਅਤੇ ਈ-ਕਾਮਰਸ ਪਲੇਟਫਾਰਮਾਂ ਤੱਕ ਪਹੁੰਚਣਾ ਵੀ ਸੌਖਾ ਹੋ ਸਕਦਾ ਹੈ, ਜਿਸ ਨਾਲ ਉਨ੍ਹਾਂ ਦੀ ਬਾਜ਼ਾਰ ਪਹੁੰਚ ਦਾ ਵਿਸਤਾਰ ਹੁੰਦਾ ਹੈ ।

ਸਰਕਾਰ ਲਈ, ਵਧੇਰੇ ਰਸਮੀਕਰਨ ਨਾਲ ਇਸ ਖੇਤਰ ਦੀ ਦਿੱਖ (ਵਿਜ਼ੀਬਿਲਟੀ) ਵਿੱਚ ਸੁਧਾਰ ਹੁੰਦਾ ਹੈ, ਜਿਸ ਨਾਲ ਵਿੱਤੀ ਸਹਾਇਤਾ ਅਤੇ ਬੁਨਿਆਦੀ ਢਾਂਚੇ ਦੇ ਸਮਰਥਨ ਨੂੰ ਬਿਹਤਰ ਢੰਗ ਨਾਲ ਨਿਸ਼ਾਨਾ ਬਣਾਉਣਾ ਸੰਭਵ ਹੋ ਪਾਉਂਦਾ ਹੈ । ਇਹ ਕਦਮ ਅਜਿਹੇ ਸਮੇਂ ਵਿੱਚ ਚੁੱਕਿਆ ਗਿਆ ਹੈ ਜਦੋਂ ਖੇਤੀ ਅਤੇ ਸਹਾਇਕ ਖੇਤਰ ਭਾਰਤ ਦੀ ਅਰਥਵਿਵਸਥਾ ਵਿੱਚ ਲਗਭਗ 16 ਫ਼ੀਸਦੀ ਦਾ ਯੋਗਦਾਨ ਪਾਉਂਦੇ ਹਨ ਅਤੇ 46 ਫ਼ੀਸਦੀ ਕਾਰਜਬਲ ਖੇਤੀ 'ਤੇ ਨਿਰਭਰ ਹੈ ।

**ਇਸ ਦਾ ਪ੍ਰਦਰਸ਼ਨ ਕਿਵੇਂ ਰਿਹਾ ਹੈ ?** : 30 ਜੂਨ ਤੱਕ, 5,954.57 ਕਰੋੜ ਰੁਪਏ ਦੀ ਕ੍ਰੈਡਿਟ-ਲਿੰਕਡ ਸਬਸਿਡੀ ਅਤੇ ਲਗਭਗ 14,480.24 ਕਰੋੜ ਰੁਪਏ ਦੇ ਨਿੱਜੀ ਨਿਵੇਸ਼ ਨਾਲ 200,421 ਸੂਖਮ ਫੂਡ ਉਦਯੋਗਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ । 40 ਫ਼ੀਸਦੀ ਤੋਂ ਵੱਧ ਲਾਭਪਾਤਰੀ ਮਹਿਲਾ ਉੱਦਮੀ ਹਨ, ਜੋ ਸਮਾਵੇਸ਼ੀ ਵਿਕਾਸ ਅਤੇ ਪੇਂਡੂ ਰੋਜ਼ਗਾਰ ਨੂੰ ਉਤਸ਼ਾਹ ਕਰਨ ਵਿੱਚ ਯੋਜਨਾ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ ।

ਪੀ.ਐਮ.ਐਫ.ਐਮ.ਈ. ਭਾਰਤ ਦੇ ਫੂਡ ਪ੍ਰੋਸੈਸਿੰਗ ਖੇਤਰ ਨੂੰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਪਹਿਲ ਵਜੋਂ ਉੱਭਰੀ ਹੈ, ਜਿਸ ਨਾਲ ਵਿਸ਼ੇਸ਼ ਤੌਰ 'ਤੇਪੇਂਡੂ ਅਤੇ ਅਰਧ-ਸ਼ਹਿਰੀ ਖੇਤਰਾਂ ਦੇ ਸੂਖਮ ਅਤੇ ਛੋਟੇ ਕੁਝ ਉੱਦਮੀਆਂ ਨੂੰ ਲਾਭ ਹੋਇਆ ਹੈ ।

- ਵਿਜੇ ਸੀ. ਰਾਏ

# ਘਰੇਲੂ ਪੱਧਰ ਤੇ ਬਗੈਰ ਜ਼ਹਿਰਾਂ ਤੋਂ ਸਬਜ਼ੀਆਂ ਪੈਦਾ ਕਰੋ ਅਤੇ ਸਿਹਤਮੰਦ ਬਣੋ



ਪੰਜਾਬ ਬਾਗਬਾਨੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਜ਼ਹਿਰ ਮੁਕਤ ਸਬਜ਼ੀਆਂ ਪੈਦਾ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਕਈ ਐਨ. ਜੀ. ਓ. ਵੀ ਇਸ ਕੰਮ ਵਿੱਚ ਲੱਗੀਆਂ ਹੋਈਆਂ ਹਨ, ਜਿਵੇਂ ਮੁੱਖ



ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

ਤੌਰ 'ਤੇ ਖੇਤੀ ਵਿਰਾਸਤ ਮਿਸ਼ਨ ਜੈਤੋਂ। ਜੇਕਰ ਅਸੀਂ ਆਪਣੇ ਪੱਧਰ 'ਤੇ ਸਬਜ਼ੀਆਂ ਪੈਦਾ ਕਰਦੇ ਹਾਂ ਤਾਂ ਇਸ ਨਾਲ ਸਾਨੂੰ ਆਰਥਿਕ ਤੌਰ 'ਤੇ ਲਾਭ ਤਾਂ ਮਿਲਦਾ ਹੀ ਹੈ ਅਤੇ ਇਸ ਨਾਲ ਸਾਡੀ ਸਿਹਤ ਵੀ ਨਾ ਮੁਰਾਦ ਬਿਮਾਰੀਆਂ ਤੋਂ ਵੀ ਬਚ ਸਕਦੀ ਹੈ, ਜਿਸ ਕਰਕੇ ਬਿਮਾਰੀਆਂ 'ਤੇ ਹੋਣ ਵਾਲੇ ਖਰਚੇ ਤੋਂ ਵੀ ਬਚ ਸਕਦੇ ਹਾਂ



। ਉਕਤ ਤੋਂ ਬਿਨਾਂ ਸਾਡਾ ਵਿਹਲਾ ਸਮਾਂ ਵੀ ਵਧੀਆ ਤਰੀਕੇ ਨਾਲ ਬੀਤ ਸਕੇਗਾ ਅਤੇ ਸਰੀਰਕ ਕਸਰਤ ਵੀ ਹੋਵੇਗੀ। ਵਪਾਰਕ ਪੱਧਰ 'ਤੇ ਸਬਜ਼ੀਆਂ ਪੈਦਾ ਕਰਨ ਵਾਲੇ ਕਈ ਵਿਅਕਤੀ ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੀਆਂ ਸਪਰੇਅ ਸਬੰਧੀ ਸਿਫ਼ਾਰਸ਼ਾਂ ਨੂੰ ਅਣਗੌਲਿਆ ਕਰਕੇ ਦੁਕਾਨਦਾਰਾਂ ਦੇ ਕਹਿਣ ਅਨੁਸਾਰ ਸਪਰੇਅ ਕਰ ਦਿੰਦੇ ਹਨ, ਜਿਹਨਾਂ ਦਵਾਈਆਂ ਦੀ ਰਹਿੰਦ-ਖੂੰਹਦ ਦਾ ਪ੍ਰਭਾਵ (Residue effect) ਬਹੁਤ ਹੀ ਦੇਰ ਤੱਕ ਰਹਿੰਦਾ ਹੈ ਅਤੇ ਉਹ ਦਵਾਈ ਸਿਫ਼ਾਰਿਸ਼ ਵੀ ਨਹੀਂ ਕੀਤੀ ਹੁੰਦੀ। ਜਿਵੇਂ ਕਈ ਵਿਅਕਤੀ ਬੈਂਗਣਾਂ ਅਤੇ ਅਮਰੂਦਾਂ ਵਿੱਚ ਫਲ ਦੀ ਮੱਖੀ / ਕੀੜੇ ਤੋਂ ਬਚਾਅ ਲਈ ਫਿਊਰਾਡਾਨ / ਥੀਮੇਟ ਦੀ ਵਰਤੋਂ ਕਰਦੇ ਹਨ, ਜਿਸ ਦਾ ਅਸਰ ਫਲ ਵਿੱਚ ਇੱਕ ਤੋਂ ਡੇਢ ਮਹੀਨੇ ਤੱਕ ਰਹਿੰਦਾ ਹੈ।

ਨੈਸ਼ਨਲ ਇੰਸਟੀਚਿਊਟ ਆਫ ਨਿਊਟਰੀਸ਼ਨ, ਹੈਦਰਾਬਾਦ ਅਨੁਸਾਰ ਹਰੇਕ ਵਿਅਕਤੀ ਨੂੰ ਰੋਜ਼ਾਨਾ 300 ਗ੍ਰਾਮ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ, ਜਿਸ ਵਿੱਚ 120 ਗ੍ਰਾਮ ਪੱਤਿਆਂ ਵਾਲੀਆਂ ਸਬਜ਼ੀਆਂ, 90 ਗ੍ਰਾਮ ਜੜ੍ਹਾਂ ਵਾਲੀਆਂ ਸਬਜ਼ੀਆਂ ਅਤੇ 90 ਗ੍ਰਾਮ ਹੋਰ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਬਾਗਬਾਨੀ ਵਿਭਾਗ, ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਗਰਮੀ/ਸਰਦੀ ਦੀਆਂ ਸਬਜ਼ੀ ਮਿੰਨੀ ਕਿੱਟਾਂ ਬਹੁਤ ਹੀ ਵਾਜਬ ਰੇਟ 'ਤੇ ਸਪਲਾਈ ਕੀਤੀਆਂ ਜਾ ਰਹੀਆਂ ਹਨ, ਜਿਸ ਵਿੱਚ 8-10 ਤਰ੍ਹਾਂ ਦੀਆਂ ਸਬਜ਼ੀਆਂ ਦੇ ਬੀਜ ਹੁੰਦੇ ਹਨ। ਇਹ ਬੀਜ 3 ਮਰਲੇ ਰਕਬੇ ਵਿੱਚ ਬੀਜੇ ਜਾ ਸਕਦੇ ਹਨ ਅਤੇ 4-5 ਪਰਿਵਾਰਕ ਮੈਂਬਰਾਂ ਲਈ ਕਾਫ਼ੀ ਸਬਜ਼ੀ ਪੈਦਾ ਕਰ ਸਕਦੇ ਹੋ। ਇਨ੍ਹਾਂ ਮਿਕਸਡ ਸਬਜ਼ੀਆਂ ਤੋਂ ਅਸੀਂ ਲੋੜ ਅਨੁਸਾਰ ਵਿਟਾਮਿਨ, ਮਿਨਰਲ ਅਤੇ ਐਂਟੀ-ਆਕਸੀਡੈਂਟ ਤੱਤ ਪ੍ਰਾਪਤ ਕਰ ਸਕਦੇ ਹਾਂ।

ਘਰ ਦੀ ਛੱਤ 'ਤੇ ਪਏ ਗਮਲੇ/ਕਨਟੇਨਰਾਂ ਨੂੰ ਸਰਦੀਆਂ ਵਿੱਚ ਹਫ਼ਤੇ ਵਿੱਚ 2 ਵਾਰ ਹਲਕਾ ਪਾਣੀ ਦੇਣਾ ਚਾਹੀਦਾ ਹੈ। ਬਰਸਾਤਾਂ ਦੇ ਮੌਸਮ ਵਿੱਚ ਗਮਲਿਆਂ/ਕਨਟੇਨਰਾਂ ਵਿੱਚ ਪਾਣੀ ਖੜਨ ਨਹੀਂ ਦੇਣਾ ਚਾਹੀਦਾ। ਹੁਣ ਇਸ ਸਮੇਂ ਸਤੰਬਰ-ਅਕਤੂਬਰ ਮਹੀਨੇ ਸਰਦੀਆਂ ਦੀਆਂ ਸਬਜ਼ੀਆਂ ਬੀਜਣ ਦਾ ਢੁੱਕਵਾਂ ਸਮਾਂ ਹੈ।

ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਹੇਠ ਲਿਖੇ ਅਨੁਸਾਰ ਆਰਗੈਨਿਕ ਤਰੀਕੇ ਨਾਲ ਬਚਾਅ ਕੀਤਾ ਜਾ ਸਕਦਾ ਹੈ :-




1. ਹੋ ਸਕੇ ਤਾਂ ਸਬਜ਼ੀਆਂ ਨੈਟ ਹਾਊਸ ਵਿੱਚ ਪੈਦਾ ਕੀਤੀਆਂ ਜਾਣ।

2. ਚਿੱਟੀ ਮੱਖੀ, ਥਰਿੱਪ ਅਤੇ ਰਸ ਚੂਸਣ ਵਾਲੇ ਕੀੜਿਆਂ ਤੋਂ ਬਚਾਅ ਲਈ ਪੀਲੇ ਰੰਗ ਦੇ 6"×11" ਸਾਈਜ਼ ਦੇ ਸਟਿਕੀ ਟਰੈਪ ਲਗਾ ਦੇਣੇ ਚਾਹੀਦੇ ਹਨ।

3. ਉੱਲੀ ਦੀ ਬਿਮਾਰੀ ਤੋਂ ਬਚਾਅ ਲਈ 1 ਲੀਟਰ 4 ਦਿਨ ਪੁਰਾਣੀ ਲੱਸੀ ਨੂੰ 15 ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕੀਤੀ ਜਾ ਸਕਦੀ ਹੈ।

4. ਕੀੜੇ-ਮਕੌੜੇ ਤੋਂ ਬਚਾਅ ਲਈ 2 ਕਿਲੋਗ੍ਰਾਮ ਲੱਸਣ, 1 ਕਿਲੋਗ੍ਰਾਮ ਅਦਰਕ ਅਤੇ 1 ਕਿਲੋਗ੍ਰਾਮ ਹਰੀ ਮਿਰਚ ਪੀਸ ਕੇ ਅਤੇ ਕੱਪੜ ਛਾਣ ਕਰਕੇ 15 ਲੀਟਰ ਪਾਣੀ ਵਿੱਚ ਪਾ ਕੇ ਸਪਰੇਅ ਕਰੋ।

5. ਸਿਉਂਕ ਤੋਂ ਬਚਾਅ ਲਈ 20 ਗ੍ਰਾਮ ਹਿੰਗ ਦਾ ਟੁਕੜਾ ਕੱਪੜੇ ਵਿੱਚ ਲਪੇਟ ਕੇ ਪਾਣੀ ਵਾਲੀ ਖਾਲ ਵਿੱਚ ਰੱਖ ਦਿਉ।

6. ਪੀ. ਏ. ਯੂ. ਨੀਮ ਘੋਲ ਵੀ ਬਣਾਇਆ ਜਾ ਸਕਦਾ ਹੈ, ਜਿਸ ਵਿੱਚ 4 ਕਿਲੋਗ੍ਰਾਮ ਨਿੰਮ ਦੇ ਪੱਤੇ, ਟਾਹਣੀਆਂ ਨੂੰ 10 ਲੀਟਰ ਪਾਣੀ ਵਿੱਚ ਪਾ ਕੇ ਅੱਧਾ ਘੰਟਾ ਉਬਾਲੋ। ਫਿਰ ਪੁਣ ਲਵੋ। ਇਹ 1 ਲੀਟਰ ਘੋਲ 25 ਲੀਟਰ ਪਾਣੀ ਵਿੱਚ ਪਾ ਕੇ ਸਬਜ਼ੀਆਂ 'ਤੇ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਬਚਾਅ ਲਈ ਸਪਰੇਅ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ।

**ਸਰਦੀ ਦੀਆਂ ਸਬਜ਼ੀਆਂ ਪੈਦਾ ਕਰਨ ਲਈ ਹੇਠ ਲਿਖੀ ਮੁੱਢਲੀ ਜਾਣਕਾਰੀ ਦਾ ਹੋਣਾ ਬਹੁਤ ਜ਼ਰੂਰੀ ਹੈ :**

| ਲ. ਨੰ. | ਸਬਜ਼ੀ ਦਾ ਨਾਂ | ਬਿਜਾਈ ਦਾ ਸਮਾਂ | ਬਿਜਾਈ ਦਾ ਢੰਗ | 1 ਮਰਲੇ ਲਈ ਬੀਜ ਦੀ ਮਾਤਰਾ (25 ਵ. ਮੀ.) | ਲਾਈਨ ਤੋਂ ਲਾਈਨ ਦਾ ਫਾਸਲਾ (ਸੈਂ. ਮੀ.) | ਬੂਟੇ ਤੋਂ ਬੂਟੇ ਦਾ ਫਾਸਲਾ (ਸੈਂ. ਮੀ.) |
|---|---|---|---|---|---|---|
| 1. | ਆਲੂ | ਅਕਤੂਬਰ | ਵੱਟਾਂ 'ਤੇ | 10 ਕਿਲੋਗ੍ਰਾਮ | 60 | 20 |
| 2. | ਮੂਲੀ | ਸਤੰਬਰ-ਅਕਤੂਬਰ | ਵੱਟਾਂ 'ਤੇ | 30 ਗ੍ਰਾਮ | 45 | 7.5 |
| 3. | ਗਾਜਰ | ਉਹੀ | ਉਹੀ | 30 ਗ੍ਰਾਮ | 45 | 7.5 |
| 4. | ਸ਼ਲਗਮ | ਉਹੀ | ਉਹੀ | 15 ਗ੍ਰਾਮ | 45 | 7.5 |
| 5. | ਪਾਲਕ | ਉਹੀ | ਬਿਡ 'ਤੇ | 40 ਗ੍ਰਾਮ | 20 | - |
| 6. | ਮੇਥੀ | ਉਹੀ | ਉਹੀ | 60 ਗ੍ਰਾਮ | 20 | - |
| 7. | ਧਨੀਆ | ਸਤੰਬਰ-ਨਵੰਬਰ | ਉਹੀ | 60 ਗ੍ਰਾਮ | 30 | - |
| 8. | ਮਟਰ | ਅਕਤੂਬਰ-ਨਵੰਬਰ | ਵੱਟਾਂ 'ਤੇ | 200 ਗ੍ਰਾਮ | 30 | 7.5 |
| 9. | ਬਰੌਕਲੀ | ਸਤੰਬਰ | ਬਿਡ | 1.5 ਗ੍ਰਾਮ | 45 | 45 |
| 10. | ਚੀਨੀ ਸਰ੍ਹੋਂ | ਸਤੰਬਰ-ਅਕਤੂਬਰ | ਬਿਡ | 8 ਗ੍ਰਾਮ | 70 | 30 |
| 11. | ਫੁੱਲ ਗੋਭੀ | ਅਗਸਤ-ਸਤੰਬਰ | ਬਿਡ ਅਤੇ ਵੱਟਾਂ | 7.5 ਗ੍ਰਾਮ | 45 | 45 |
| 12. | ਬੰਦ ਗੋਭੀ | ਸਤੰਬਰ-ਅਕਤੂਬਰ | ਉਹੀ | 1.5 ਗ੍ਰਾਮ | 60 | 45 |
| 13. | ਪਿਆਜ਼ | ਅਕਤੂਬਰ-ਨਵੰਬਰ | ਬਿਡ 'ਤੇ | 32 ਗ੍ਰਾਮ | 15 | 7.5 |
| 14. | ਲੱਸਣ | ਸਤੰਬਰ-ਅਕਤੂਬਰ ਅਖੀਰ | ਬਿਡ 'ਤੇ | 1.5 ਗ੍ਰਾਮ | 15 | 7.5 |
| 15. | ਲੈਟਸ | ਅਕਤੂਬਰ-ਨਵੰਬਰ | ਵੱਟਾਂ 'ਤੇ | 2 ਗ੍ਰਾਮ | 60 | 30 |
| 16. | ਟਮਾਟਰ | ਅਕਤੂਬਰ-ਨਵੰਬਰ | ਬਿਡ 'ਤੇ | 6 ਗ੍ਰਾਮ | 150 | 30 |

**ਨੋਟ :-** 1. ਇੱਕ ਮਰਲੇ ਰਕਬੇ ਵਿੱਚ ਬਿਜਾਈ ਤੋਂ ਪਹਿਲਾਂ 400 ਕਿਲੋਗ੍ਰਾਮ ਗਲੀ-ਸੜ੍ਹੀ ਰੂੜੀ ਦੀ ਖਾਦ ਜਾਂ 100 ਕਿਲੋਗ੍ਰਾਮ ਵਰਮੀ ਕੰਪੋਸਟ ਪਾ ਕੇ ਮਿਕਸ ਕਰ ਦੇਣੀ ਚਾਹੀਦੀ ਹੈ।

2. ਵਧੀਆ ਕੁਆਲਿਟੀ ਦੀਆਂ ਸਬਜ਼ੀਆਂ ਦੀ ਪਨੀਰੀ ਸੈਂਟਰ ਆਫ ਐਕਸੀਲੈਂਸ (ਸਬਜ਼ੀਆਂ) ਕਰਤਾਰਪੁਰ, ਜ਼ਿਲ੍ਹਾ ਜਲੰਧਰ ਤੋਂ ਘਰੇਲੂ ਪੱਧਰ ਅਤੇ ਵਪਾਰਕ ਪੱਧਰ ਲਈ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

3. ਜਿਹਨਾਂ ਵਿਅਕਤੀਆਂ ਕੋਲ ਘਰੇਲੂ ਬਗੀਚੀ ਲਈ ਜਗ੍ਹਾ ਨਹੀਂ ਉਹ ਹੇਠ ਲਿਖੇ ਅਨੁਸਾਰ ਗਮਲਿਆਂ ਵਿੱਚ ਵੀ ਸਬਜ਼ੀਆਂ ਉਗਾ ਸਕਦੇ ਹਨ :-

| ਲ. ਨੰ. | ਸਬਜ਼ੀਆਂ ਦੀ ਕਿਸਮ | ਗਮਲੇ/ਕਨਟੇਨਰ ਦਾ ਸਾਈਜ਼ | ਪੈਦਾ ਕੀਤੀ ਜਾਣ ਵਾਲੀ ਸਬਜ਼ੀ |
|---|---|---|---|
| 1. | ਜਿਨ੍ਹਾਂ ਦੀਆਂ ਜੜ੍ਹਾਂ ਘੱਟ ਡੂੰਘਾਈ ਤੱਕ ਜਾਂਦੀਆਂ ਹਨ | 12"-16" | ਬਰੌਕਲੀ, ਗੋਭੀ, ਲੈਟਸ, ਪਿਆਜ਼, ਆਲੂ, ਮੂਲੀ, ਪਾਲਕ, ਪੁਦੀਨਾ ਆਦਿ |
| 2. | ਜਿਨ੍ਹਾਂ ਦੀਆਂ ਜੜ੍ਹਾਂ ਦਰਮਿਆਨੀ ਡੂੰਘਾਈ ਤੱਕ ਜਾਂਦੀਆਂ ਹਨ | 16"-24" | ਬੀਨਜ਼, ਗਾਜਰ, ਖੀਰਾ, ਬੈਂਗਣ, ਮਟਰ ਸ਼ਿਮਲਾ ਮਿਰਚ, ਸਲਗਮ, ਘੀਆ ਕੱਦੂ |
| 3. | ਜਿਨ੍ਹਾਂ ਦੀਆਂ ਜੜ੍ਹਾਂ ਡੂੰਘਾਈ ਤੱਕ ਜਾਂਦੀਆਂ ਹਨ | 24"-36" | ਸ਼ਕਰਕੰਦੀ, ਟਮਾਟਰ, ਤਰਬੂਜ਼ ਆਦਿ |

# ਮਟਰ ਅਗੇਤਾ-8 ਅਤੇ ਪੰਜਾਬ-90

## ਮਟਰਾਂ ਦੀਆਂ ਨਵੀਆਂ ਕਿਸਮਾਂ ਦੀ ਸਫਲ ਕਾਸ਼ਤ

ਮਟਰ ਠੰਡੇ ਮੌਸਮ ਦੀ ਮੁੱਖ ਫ਼ਸਲ ਹੈ । ਪੰਜਾਬ ਵਿੱਚ ਮਟਰਾਂ ਹੇਠ 47 ਹਜ਼ਾਰ ਹੈਕਟੇਅਰ ਰਕਬਾ ਹੈ ਜਿਸ ਵਿੱਚੋਂ 500.70 ਹਜ਼ਾਰ ਟਨ ਪੈਦਾਵਾਰ ਹੁੰਦੀ ਹੈ । ਇਸ ਵਿੱਚ ਖੁਰਾਕੀ ਤੱਤ ਜਿਵੇਂ ਕਿ ਪ੍ਰੋਟੀਨ, ਕਾਰਬੋਹਾਈਡ੍ਰੇਟ ਅਤੇ ਵਿਟਾਮਿਨ ਏ ਅਤੇ ਸੀ ਭਰਪੂਰ ਮਾਤਰਾ ਵਿੱਚ ਹੁੰਦੇ ਹਨ । ਮਟਰਾਂ ਦੀ ਅਗੇਤੀ ਬਿਜਾਈ ਬਹੁਤ ਹੀ ਲਾਹੇਵੰਦ ਧੰਦਾ ਹੈ ਕਿਉਂਕਿ ਅਗੇਤੀ ਫ਼ਸਲ ਦਾ ਮੰਡੀ ਵਿੱਚ ਜ਼ਿਆਦਾ ਮੁੱਲ ਮਿਲਦਾ ਹੈ । ਅਗੇਤੇ ਮਟਰ ਥੋੜ੍ਹੇ ਸਮੇਂ ਦੀ ਫ਼ਸਲ ਹੈ ਅਤੇ ਵੱਖ-ਵੱਖ ਫ਼ਸਲੀ ਚੱਕਰ ਲਈ ਬਹੁਤ ਢੁੱਕਵੀਂ ਹੈ । ਠੀਕ ਵਧੇ ਲਈ ਮਟਰ ਨੂੰ 20 ਤੋਂ 25 ਡਿਗਰੀ ਸੈਂਟੀਗਰੇਡ ਤਾਪਮਾਨ ਦੀ ਲੋੜ ਹੁੰਦੀ ਹੈ । ਜੇਕਰ ਤਾਪਮਾਨ 30 ਡਿਗਰੀ ਸੈਂਟੀਗਰੇਡ ਤੋਂ ਵੱਧ ਜਾਵੇ ਤਾਂ ਬੂਟੇ ਉੱਗਣ ਸਮੇਂ ਹੀ ਮਰ ਜਾਂਦੇ ਹਨ । ਜੇਕਰ ਫ਼ਸਲ ਵਧਣ ਸਮੇਂ ਤਾਪਮਾਨ ਜ਼ਿਆਦਾ ਰਹੇ ਤਾਂ ਉਖੇੜਾ ਅਤੇ ਤਣੇ ਦੀ ਮੱਖੀ ਫ਼ਸਲ ਵਿੱਚ ਬੂਟਿਆਂ ਦੀ ਗਿਣਤੀ ਘਟਾ ਕੇ ਪੈਦਾਵਾਰ ਵਿੱਚ ਨੁਕਸਾਨ ਕਰਦੀ ਹੈ । ਇਸ ਲਈ ਮਟਰਾਂ ਦੀ ਫ਼ਸਲ ਉਸ ਇਲਾਕੇ ਵਿੱਚ ਹੀ ਚੰਗੀ ਹੋ ਸਕਦੀ ਹੈ ਜਿਥੇ ਗਰਮੀ ਤੋਂ ਸਰਦੀ ਰੁੱਤ ਦਾ ਬਦਲਾਅ ਸਹਿਜੇ ਹੁੰਦਾ ਹੈ ।

### ਅਗੇਤੀ ਕਿਸਮ

**ਮਟਰ ਅਗੇਤਾ-8** : ਇਸਦੇ ਬੂਟੇ ਛੇਤੀ ਵਧਣ ਵਾਲੇ ਹੁੰਦੇ ਹਨ । ਹਰ ਬੂਟੇ ਤੇ 10-13 ਭਰਵੀਆਂ ਫ਼ਲੀਆਂ ਲਗਦੀਆਂ ਹਨ ਅਤੇ ਹਰ ਫ਼ਲੀ ਵਿੱਚ 7-9 ਦਾਣੇ ਹੁੰਦੇ ਹਨ । ਫ਼ਲੀਆਂ ਦੀ ਲੰਬਾਈ ਦਰਮਿਆਨੀ (9.15 ਸੈਂਟੀਮੀਟਰ) ਅਤੇ ਸਿਰੇ ਤੋਂ ਥੋੜ੍ਹੀਆਂ ਮੁੜੀਆਂ ਹੁੰਦੀਆਂ ਹਨ । ਇਸ ਦੀਆਂ ਫ਼ਲੀਆਂ ਇੱਕ-ਇੱਕ ਜਾਂ ਜੋੜੀਆਂ ਵਿੱਚ ਲਗਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਲਗਭਗ 50 ਪ੍ਰਤੀਸ਼ਤ ਦਾਣੇ ਨਿਕਲਦੇ ਹਨ । ਇਹ ਅਗੇਤੀ ਕਿਸਮ 65-70 ਦਿਨਾਂ ਵਿੱਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦੀਆਂ ਹਰੀਆਂ ਫ਼ਲੀਆਂ ਦਾ ਝਾੜ 33 ਕੁਇੰਟਲ ਪ੍ਰਤੀ ਏਕੜ ਹੈ ।



### ਮੁੱਖ ਮੌਸਮ ਲਈ ਕਿਸਮ :

**ਪੰਜਾਬ-90** : ਇਸਦੇ ਬੂਟੇ ਦਰਮਿਆਨੇ ਕੱਦ ਦੇ ਅਤੇ ਸਿੱਧੇ ਹੁੰਦੇ ਹਨ । ਇਸ ਵਿੱਚ 18-25 ਫ਼ਲੀਆਂ ਪ੍ਰਤੀ ਬੂਟਾ ਲਗਦੀਆਂ ਹਨ । ਇਸ ਦੀਆਂ ਫ਼ਲੀਆਂ ਗੂੜ੍ਹੀਆਂ ਹਰੀਆਂ ਅਤੇ ਸਿੱਧੀਆਂ ਹੁੰਦੀਆਂ ਹਨ । ਹਰ ਫ਼ਲੀ ਵਿੱਚ 8-10 ਦਾਣੇ ਹੁੰਦੇ ਹਨ ਅਤੇ ਫ਼ਲੀਆਂ ਜੋੜਿਆਂ ਵਿੱਚ ਲਗਦੀਆਂ ਹਨ । ਇਹ ਕਿਸਮ 85-90 ਦਿਨਾਂ ਵਿੱਚ ਪਹਿਲੀ ਤੁੜਾਈ ਲਈ ਤਿਆਰ ਹੋ ਜਾਂਦੀ ਹੈ । ਇਸਦੇ ਦਾਣੇ ਬੜੇ ਮਿੱਠੇ ਹੁੰਦੇ ਹਨ ਅਤੇ ਇਸ ਦੀਆਂ ਫ਼ਲੀਆਂ ਵਿੱਚੋਂ 55 ਪ੍ਰਤੀਸ਼ਤ ਦਾਣੇ ਨਿਕਲਦੇ ਹਨ । ਇਹ ਕਿਸਮ ਦੋ ਤੋਂ ਤਿੰਨ ਤੁੜਾਈਆਂ ਵਿੱਚ 62 ਕੁਇੰਟਲ (ਹਰੀਆਂ ਫ਼ਲੀਆਂ) ਪ੍ਰਤੀ ਏਕੜ ਅਤੇ ਇਕੱਲੀ ਤੁੜਾਈ ਵਿੱਚ 45 ਕੁਇੰਟਲ (ਹਰੀਆਂ ਫ਼ਲੀਆਂ) ਪ੍ਰਤੀ ਏਕੜ ਝਾੜ ਦਿੰਦੀ ਹੈ ।

### ਕਾਸ਼ਤ ਦੇ ਨੁਕਤੇ

**ਜ਼ਮੀਨ ਦੀ ਚੋਣ ਅਤੇ ਤਿਆਰੀ** : ਬਹੁਤ ਹੀ ਭਾਰੀਆਂ ਜ਼ਮੀਨਾਂ ਨੂੰ ਛੱਡ ਕੇ ਇਸ ਦੀ ਕਾਸ਼ਤ ਹਰ ਕਿਸਮ ਦੀ ਜ਼ਮੀਨ ਵਿੱਚ ਹੋ ਸਕਦੀ ਹੈ । ਉਹਨਾਂ ਜ਼ਮੀਨਾਂ ਜਿਸ ਦੀ ਪੀ.ਐਚ. 6.0 ਤੋਂ 7.5 ਤੱਕ ਹੁੰਦੀ ਹੈ, ਕਾਸ਼ਤ ਲਈ ਢੁੱਕਵੀਆਂ ਸਮਝੀਆਂ ਜਾਂਦੀਆਂ ਹਨ । ਜ਼ਮੀਨ ਦੀ ਤਿਆਰੀ ਇਸ ਗੱਲ ਤੇ ਨਿਰਭਰ ਕਰੇਗੀ ਕਿ ਖੇਤ ਦੀ ਦਸ਼ਾ ਕਿਹੋ ਜਿਹੀ ਹੈ । ਜੇਕਰ ਖੇਤ ਇਸ ਤਰ੍ਹਾਂ ਦਾ ਹੈ ਜਿਸ ਵਿੱਚ ਪਹਿਲੀ ਫ਼ਸਲ ਦੇ ਮੁੱਢ ਹੋਣ ਅਤੇ ਹੋਰ ਖੈਰ ਆਦਿਕ ਹੋਵੇ ਤਾਂ ਇਸਨੂੰ ਉਲਟਾਵੇਂ ਹਲ ਜਾਂ ਤਵੀਆਂ ਡਿਸਕਾਂ ਨਾਲ ਵਾਉਣਾ ਪਵੇਗਾ ਫੇਰ ਹੀ ਉਸਦੀ ਚੰਗੀ ਵਹਾਈ ਹੋ ਸਕੇਗੀ । ਮਟਰਾਂ ਦੀ ਬਿਜਾਈ ਦੋ ਤਰੀਕਿਆਂ ਨਾਲ ਹੁੰਦੀ ਹੈ ।

**ਵੱਟਾਂ ਉੱਪਰ ਬਿਜਾਈ** : ਇਹ ਤਰੀਕਾ ਖ਼ਾਸ ਕਰਕੇ ਅਗੇਤੀ ਫ਼ਸਲ ਜੋ ਸਤੰਬਰ ਦੇ ਆਖਰੀ ਹਫ਼ਤੇ ਤੋਂ ਅਕਤੂਬਰ ਦੇ ਪਹਿਲੇ ਹਫ਼ਤੇ ਦੌਰਾਨ ਬੀਜੀ ਜਾਂਦੀ ਹੈ, ਲਈ ਅਪਣਾਉਣਯੋਗ ਹੈ । ਮਟਰਾਂ ਦੀ ਬਿਜਾਈ ਬੀਜ ਖਾਦ ਡਰਿੱਲ ਨਾਲ 60 ਸੈਂਟੀਮੀਟਰ ਵਾਲੀਆਂ ਵੱਟਾਂ ਤੇ ਕੀਤੀ ਜਾ ਸਕਦੀ ਹੈ । ਇਸ ਡਰਿੱਲ ਹਰ ਵੱਟ ਉੱਤੇ 25 ਸੈਂਟੀਮੀਟਰ ਦੂਰੀ ਦੀਆਂ ਕਤਾਰਾਂ ਵਿੱਚ ਬਿਜਾਈ ਕਰ ਦਿੰਦੀ ਹੈ । ਵੱਟਾਂ ਤੇ ਮਟਰ ਬੀਜਣ ਦਾ ਲਾਭ ਇਹ ਹੁੰਦਾ ਹੈ ਕਿ ਬੀਜ ਕਰੰਡਿਆ ਨਹੀਂ ਜਾਂਦਾ ਕਿਉਂਕਿ ਪਾਣੀ ਬੀਜਾਂ ਤੋਂ ਹੇਠਾਂ ਹੀ ਰੱਖਿਆ ਜਾਂਦਾ ਹੈ ਅਤੇ ਬੀਜ ਤੱਕ ਪਾਣੀ ਸਿਰਫ਼ ਸਲਾਬ ਰਾਹੀਂ ਹੀ ਪਹੁੰਚਦਾ ਹੈ ।

**ਪੱਧਰੀ ਜ਼ਮੀਨ ਉੱਤੇ ਬਿਜਾਈ** : ਮਟਰ ਦੀ ਪੱਧਰੀ ਜ਼ਮੀਨ ਉੱਤੇ ਬਿਜਾਈ ਲਈ ਜ਼ਮੀਨ ਵਿੱਚ ਪੂਰੀ ਗਿੱਲ (ਵੱਤਰ) ਹੋਣੀ ਬਹੁਤ ਜ਼ਰੂਰੀ ਹੈ ਅਤੇ ਬੀਜ ਨਿਸਰਣ ਤੋਂ ਪਹਿਲਾਂ ਖੇਤ ਵਿੱਚ ਪਾਣੀ ਨਹੀਂ ਦਿੱਤਾ ਜਾਂਦਾ ਕਿਉਂਕਿ ਪਾਣੀ ਲਾਉਣ ਨਾਲ ਬੀਜ ਕਰੰਡਿਆ ਜਾਂਦਾ ਹੈ । ਇਹ ਬਿਜਾਈ ਦਾ ਤਰੀਕਾ ਦਰਮਿਆਨੀ ਤੋਂ ਭਾਰੀ ਜ਼ਮੀਨ ਵਿੱਚ ਨਹੀਂ ਵਰਤਿਆ ਜਾਣਾ ਚਾਹੀਦਾ ਕਿਉਂਕਿ ਪਹਿਲੇ ਪਾਣੀ ਨਾਲ ਬੀਜ ਕਰੰਡਿਆ ਜਾਂਦਾ ਹੈ ਜਿਸ ਕਰਕੇ ਬੂਟੇ ਨੂੰ ਜ਼ਮੀਨ ਵਿੱਚੋਂ ਪੂਰੇ ਖੁਰਾਕੀ ਤੱਤ ਅਤੇ ਹਵਾ ਨਹੀਂ ਮਿਲਦੀ ਅਤੇ ਬੂਟਾ ਪੀਲਾ ਪੈ ਜਾਂਦਾ ਹੈ ਅਤੇ ਉਸਦਾ ਵਾਧਾ ਰੁੱਕ ਜਾਂਦਾ ਹੈ । ਇਸ ਤੋਂ ਇਲਾਵਾ ਪੱਧਰੀ ਜ਼ਮੀਨ ਉੱਤੇ ਬਿਜਾਈ ਕਰਨ ਦਾ ਦੂਸਰਾ ਨੁਕਸਾਨ ਇਹ ਹੁੰਦਾ ਹੈ ਕਿ ਤੁੜਾਈ ਵੇਲੇ ਮਜ਼ਦੂਰਾਂ ਦੇ ਲੰਘਣ ਲਈ ਜਗ੍ਹਾਂ ਘੱਟ ਹੋਣ ਕਾਰਨ, ਪੌਦੇ ਦੀ ਟਾਹਣੀਆਂ ਟੁੱਟਣ ਦਾ ਡਰ ਰਹਿੰਦਾ ਹੈ । ਹਲਕੀ ਜ਼ਮੀਨ ਉੱਤੇ ਮਸ਼ੀਨੀ ਤੁੜਾਈ ਲਈ ਇਹ ਤਰੀਕਾ ਵਰਤਿਆ ਜਾਣਾ ਚਾਹੀਦਾ ਹੈ ।

ਰਜਿੰਦਰ ਕੁਮਾਰ ਢੱਲ,
ਸਬਜ਼ੀ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ
(ਮੋ. 82838-40078)

ਅਗੇਤੀਆਂ ਕਿਸਮਾਂ ਲਈ ਫਾਸਲਾ 30×7.5 ਸੈਂਟੀਮੀਟਰ ਅਤੇ ਮੁੱਖ ਮੌਸਮ ਦੀਆਂ ਕਿਸਮਾਂ ਲਈ 30×10 ਸੈਂਟੀਮੀਟਰ ਰੱਖਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ । ਮਟਰਾਂ ਦੀ ਬਿਜਾਈ ਖਾਦ ਡਰਿਲ ਨਾਲ ਵੱਟਾਂ ਤੇ ਵੀ ਕੀਤੀ ਜਾ ਸਕਦੀ ਹੈ । ਇਸ ਲਈ ਵੱਟਾਂ 60 ਸੈਂਟੀਮੀਟਰ ਚੋੜੀਆਂ ਰੱਖੋ ਅਤੇ ਹਰ ਵੱਟ ਉੱਤੇ 25 ਸੈਂਟੀਮੀਟਰ ਦੂਰੀ ਦੀਆਂ ਦੋ ਕਤਾਰਾਂ ਵਿੱਚ ਬਿਜਾਈ ਕਰੋ । ਇਸ ਡਰਿੱਲ ਨਾਲ ਇੱਕ ਘੰਟੇ ਵਿੱਚ ਇੱਕ ਏਕੜ ਦੀ ਬਿਜਾਈ ਕੀਤੀ ਜਾ ਸਕਦੀ ਹੈ । ਦੋ ਸਾਲ ਤੋਂ ਵਧੇਰੇ ਪੁਰਾਣਾ ਬੀਜ ਆਪਣੀ ਉੱਗਣ ਸ਼ਕਤੀ ਗੁਆਉਣ ਲੱਗ ਪੈਂਦਾ ਹੈ ਅਤੇ ਇਸ ਲਈ ਦੋ ਸਾਲ ਤੋਂ ਪੁਰਾਣਾ ਬੀਜ ਨਹੀਂ ਵਰਤਣਾ ਚਾਹੀਦਾ ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਸਤੰਬਰ ਦੇ ਮਹੀਨੇ ਵਿੱਚ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ । ਇਸ ਲਈ ਮੈਦਾਨੀ ਇਲਾਕਿਆਂ ਵਿੱਚ ਬਿਜਾਈ ਕਰਨ ਲਈ ਸਭ ਤੋਂ ਉੱਤਮ ਸਮਾਂ ਅਕਤੂਬਰ ਦੇ ਪਹਿਲੇ ਹਫ਼ਤੇ ਤੋਂ ਅੱਧ ਨਵੰਬਰ ਤੱਕ ਹੈ । ਕਿਉਂਕਿ ਮਟਰ ਦੇ ਬੀਜ ਦਾ ਜੰਮ ਤੋਂ ਤਾਪਮਾਨ ਦਾ ਬਹੁਤ ਅਸਰ ਹੁੰਦਾ ਹੈ ਇਸ ਲਈ ਤਸੱਲੀਬਖ਼ਸ਼ ਜੰਮ ਲੈਣ ਲਈ ਬੀਜ ਦੀ ਮਾਤਰਾ ਬਿਜਾਈ ਸਮੇਂ ਦੇ ਤਾਪਮਾਨ ਤੇ ਨਿਰਭਰ ਕਰਦੀ ਹੈ । ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਸ਼ਹੀਦ ਭਗਤ ਸਿੰਘ ਜ਼ਿਲ੍ਹਿਆਂ ਵਿੱਚ, ਅਗੇਤੀਆਂ ਕਿਸਮਾਂ ਦੀ ਬਿਜਾਈ ਸਤੰਬਰ ਦੇ ਆਖਰੀ ਹਫ਼ਤੇ ਵਿੱਚ ਕੀਤੀ ਜਾਂਦੀ ਹੈ ਅਤੇ ਇਸ ਸਮੇਂ ਜ਼ਿਆਦਾ ਤਾਪਮਾਨ ਹੋਣ ਕਰਕੇ ਬੀਜ ਘੱਟ ਜੰਮਦਾ ਹੈ । ਇਸ ਕਰਕੇ ਬੀਜ ਦੀ ਮਾਤਰਾ ਜ਼ਿਆਦਾ ਲੱਗਦੀ ਹੈ । ਜ਼ਿਆਦਾ ਤਾਪਮਾਨ ਹੋਣ ਕਰਕੇ ਅਗੇਤੀ ਬੀਜੀ ਫ਼ਸਲ ਘੱਟ ਝਾੜ ਦਿੰਦੀ ਹੈ ਪਰ ਉਸ ਸਮੇਂ ਮੰਡੀ ਵਿੱਚ ਅਗੇਤੀ ਫ਼ਸਲ ਦਾ ਚੰਗਾ ਮੁੱਲ ਮਿਲਣ ਕਰਕੇ ਕਿਸਾਨਾਂ ਨੂੰ ਚੰਗਾ ਮੁਨਾਫ਼ਾ ਮਿਲਦਾ ਹੈ । ਮਸ਼ੀਨੀ ਬਿਜਾਈ ਲਈ ਅਗੇਤੀਆਂ ਕਿਸਮਾਂ ਦਾ 45 ਕਿਲੋ ਅਤੇ ਮੁਖ ਮੌਸਮ ਦੀਆਂ ਕਿਸਮਾਂ ਦਾ 30 ਕਿਲੋ ਬੀਜ ਪ੍ਰਤੀ ਏਕੜ ਲਗਦਾ ਹੈ ।

**ਬੀਜ ਸੋਧ** : ਮਟਰਾਂ ਨੂੰ ਬਿਜਾਈ ਤੋਂ ਪਹਿਲਾਂ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਓ ਕਿਉਂਕਿ ਇਸ ਨਾਲ ਝਾੜ ਵੱਧ ਜਾਂਦਾ ਹੈ । ਇਹ ਟੀਕਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਈਕਰੋਬਾਇਆਲੋਜੀ ਵਿਭਾਗ ਵਿੱਚੋਂ ਮਿਲਦਾ ਹੈ । ਅਗੇਤੀ ਬੀਜੀ ਫ਼ਸਲ ਨੂੰ ਉਖੇੜਾ ਰੋਗ ਬਹੁਤ ਲੱਗਦਾ ਹੈ । ਮਟਰਾਂ ਦੇ ਬੀਜ ਨੂੰ ਸੋਧਣ ਲਈ ਅੱਧੇ ਲਿਟਰ ਪਾਣੀ ਵਿੱਚ ਰਾਈਜ਼ੋਬੀਅਮ ਦੇ ਟੀਕੇ ਦਾ ਪੈਕਟ (ਇੱਕ ਏਕੜ ਵਾਲਾ) ਰਲਾ ਦਿਓ । ਫਿਰ ਇਸ ਘੋਲ ਨੂੰ ਇੱਕ ਏਕੜ ਦੇ ਬੀਜ (30-45 ਕਿਲੋ) ਵਿੱਚ ਚੰਗੀ ਤਰ੍ਹਾਂ ਮਿਲਾ ਦਿਓ । ਬੀਜ ਨੂੰ ਛਾਵੇਂ ਸੁਕਾ ਕੇ ਉਸੇ ਦਿਨ ਖੇਤ ਵਿੱਚ ਬੀਜ ਦਿਓ । ਇਸ ਤੋਂ ਬਾਅਦ ਬੀਜ ਨੂੰ ਬੀਜਣ ਤੋਂ ਪਹਿਲਾਂ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ ।

**ਖਾਦਾਂ** : ਇੱਕ ਏਕੜ ਵਿੱਚ 8 ਤੋਂ 10 ਟਨ ਗਲੇ-ਸੜੇ ਗੋਹੇ ਦੀ ਰੂੜੀ ਜਾਂ ਕੰਪੋਸਟ ਪਾ ਦੇਣੀ ਚਾਹੀਦੀ ਹੈ । ਗੋਹੇ ਦੀ ਖਾਦ ਜ਼ਮੀਨ ਦੀ ਤਿਆਰੀ ਸਮੇਂ ਹੀ ਪਾ ਦੇਣੀ ਚਾਹੀਦੀ ਹੈ ਤਾਂ ਕਿ ਇਹ ਜ਼ਮੀਨ ਵਿੱਚ ਚੰਗੀ ਤਰ੍ਹਾਂ ਮਿਲ ਸਕੇ ।



ਗੋਹੇ ਦੀ ਰੂੜੀ ਦੇ ਨਾਲ-ਨਾਲ ਰਸਾਇਣਕ ਖਾਦਾਂ ਦੀ ਵੀ ਲੋੜ ਪੈਂਦੀ ਹੈ । ਔਸਤ ਉਪਜਾਊ ਸ਼ਕਤੀ ਵਾਲੇ ਖੇਤ ਵਿੱਚ 20 ਕਿਲੋ ਨਾਈਟ੍ਰੋਜਨ (45 ਕਿਲੋ ਯੂਰੀਆ) ਅਤੇ 25 ਕਿਲੋ ਫਾਸਫੋਰਸ (155 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾ ਦੇਣੀ ਚਾਹੀਦੀ ਹੈ । ਇਹ ਸਾਰੀਆਂ ਖਾਦਾਂ ਬਿਜਾਈ ਤੋਂ ਪਹਿਲਾਂ ਪਾਉਣੀਆਂ ਚਾਹੀਦੀਆਂ ਹਨ ।

**ਨਦੀਨਾਂ ਦੀ ਰੋਕਥਾਮ** : ਬੀਜ ਉੱਗਣ ਤੋਂ 4 ਅਤੇ 8 ਹਫ਼ਤਿਆਂ ਪਿੱਛੋਂ ਗੋਡੀ ਕਰਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ ।

**ਸਿੰਚਾਈ** : ਬਿਜਾਈ ਠੀਕ ਵੱਤਰ ਵਿੱਚ ਕਰੋ । ਪਹਿਲਾ ਪਾਣੀ ਬਿਜਾਈ ਤੋਂ 15-20 ਦਿਨ ਬਾਅਦ ਲਾਓ । ਅਗਲਾ ਪਾਣੀ ਫੁੱਲ ਆਉਣ ਤੇ ਅਤੇ ਫਿਰ ਅਗਲਾ ਫ਼ਲ ਪੈਣ ਤੇ ਜੇ ਜ਼ਰੂਰਤ ਹੋਵੇ ਤਾਂ ਲਾਓ । ਮਟਰ ਦੀ ਫ਼ਸਲ ਬਰਾਨੀ ਹਾਲਤਾਂ ਵਿੱਚ ਵੀ ਘੱਟ ਸਿੰਚਾਈਆਂ ਨਾਲ ਉਗਾਈ ਜਾ ਸਕਦੀ ਹੈ । ਜ਼ਮੀਨ ਦੀ ਕਿਸਮ ਅਤੇ ਮੌਸਮ ਮੁਤਾਬਕ ਕੁੱਲ 3-4 ਪਾਣੀਆਂ ਦੀ ਲੋੜ ਹੈ ।

**ਤੁੜਾਈ** : ਹਰੇ ਮਟਰਾਂ ਦੀ ਤੁੜਾਈ ਹੱਥਾਂ ਨਾਲ ਉਦੋਂ ਕਰੋ ਜਦ ਉਹ ਖਾਣ ਲਈ ਠੀਕ ਹਾਲਤ ਵਿੱਚ ਹੋਵੇ । ਜੇਕਰ ਮਟਰਾਂ ਨੂੰ ਖਾਣਯੋਗ ਹਾਲਤ ਤੋਂ ਪਹਿਲਾਂ ਤੋੜਿਆ ਜਾਂਦਾ ਹੈ ਤਾਂ ਉਸ ਸਮੇਂ ਦਾਣੇ ਫ਼ਲੀ ਵਿੱਚ ਚੰਗੀ ਤਰ੍ਹਾਂ ਤਿਆਰ ਨਹੀਂ ਹੁੰਦੇ ਅਤੇ ਲੇਟ ਤੁੜਾਈ ਕਾਰਨ ਫਲੀਆਂ ਪੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ । ਦੋਵੇਂ ਹੀ ਹਾਲਤਾਂ ਵਿੱਚ ਕਿਸਾਨ ਨੂੰ ਮੰਡੀ ਵਿੱਚ ਘੱਟ ਮੁੱਲ ਮਿਲਦਾ ਹੈ । ਅਗੇਤੀਆਂ ਕਿਸਮਾਂ ਦੀਆਂ ਇੱਕ ਅਤੇ ਮੁੱਖ ਮੌਸਮ ਦੀਆਂ ਕਿਸਮਾਂ ਦੀਆਂ ਆਮ ਤੌਰ ਤੇ ਦੋ ਤੁੜਾਈਆਂ ਕੀਤੀਆਂ ਜਾਂਦੀਆਂ ਹਨ ।

### ਕੀੜੇ

**ਥਰਿੱਪ (ਜੂੰ)** : ਇਹ ਕੀੜਾ ਰਸ ਚੂਸ ਕੇ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ ।

**ਸੁਰੰਗੀ ਕੀੜੇ ਅਤੇ ਚੇਪਾ (ਤੇਲਾ)** : ਮਟਰਾਂ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਲੈਂਦੀਆਂ ਹਨ ਅਤੇ ਪੱਤੇ ਨੂੰ ਅੰਦਰੋਂ ਖਾਂਦੀਆਂ ਹਨ । ਦਸੰਬਰ ਤੋਂ ਮਾਰਚ ਦੇ ਦੌਰਾਨ ਇਹ ਬਹੁਤ ਨੁਕਸਾਨ ਕਰਦੇ ਹਨ । ਚੇਪਾ ਵੀ ਰਸ ਚੂਸਦਾ ਹੈ ਜਿਸ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ ।

**ਤਣੇ ਦੀ ਮੱਖੀ** : ਕਈ ਵਾਰ ਅਗੇਤੀ ਬੀਜੀ ਫ਼ਸਲ ਤੇ ਤਣੇ ਦੀ ਮੱਖੀ ਦਾ ਹਮਲਾ ਹੋ ਜਾਂਦਾ ਹੈ ਜਿਸ ਨਾਲ ਸਾਰੀ ਦੀ ਸਾਰੀ ਫ਼ਸਲ ਤਬਾਹ ਹੋ ਜਾਂਦੀ ਹੈ । ਇਹ ਕੀੜਾ ਬੀਜ ਉੱਗਣ ਸਮੇਂ ਫ਼ਸਲ ਦਾ ਬਹੁਤ ਨੁਕਸਾਨ ਕਰਦਾ ਹੈ । ਇਸ ਦੇ ਬਚਾਅ ਲਈ, ਬੀਜ ਵਾਲੀ ਫ਼ਸਲ ਤੇ, ਬਿਜਾਈ ਸਮੇਂ ਸਿਆੜਾਂ ਵਿੱਚ 10 ਕਿਲੋ ਫੂਰਾਡਾਨ 3 ਜੀ ਦਾਣੇਦਾਰ ਦਵਾਈ ਦੇ ਹਿਸਾਬ ਨਾਲ ਪਾਓ ।

### ਬਿਮਾਰੀਆਂ

**ਚਿੱਟਾ ਰੋਗ** : ਇਸ ਰੋਗ ਨਾਲ ਚਿੱਟੇ ਆਟੇ ਵਰਗੇ ਧੱਬੇ ਪੌਦਿਆਂ ਦੇ ਤਣਿਆਂ, ਸ਼ਾਖਾਂ, ਪੱਤਿਆਂ ਅਤੇ ਫ਼ਲੀਆਂ ਉੱਤੇ ਪੈਦਾ ਹੋ ਜਾਂਦੇ ਹਨ । ਪੰਜਾਬ ਵਿੱਚ ਚਿੱਟਾ ਰੋਗ ਆਮ ਤੌਰ ਤੇ ਅੱਧ ਫਰਵਰੀ ਤੋਂ ਮਾਰਚ ਵਿੱਚ ਆਉਂਦਾ ਹੈ ਜਦ ਫ਼ਸਲ ਖਤਮ ਹੋਣ ਨੇੜੇ ਹੁੰਦੀ ਹੈ ਜਿਸ ਕਰਕੇ ਝਾੜ ਦਾ ਨੁਕਸਾਨ ਨਹੀਂ ਹੁੰਦਾ । ਇੱਕ ਏਕੜ ਫ਼ਸਲ ਉੱਤੇ 600 ਗ੍ਰਾਮ ਸਲਫ਼ੈਕਸ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ 10 ਦਿਨਾਂ ਦੇ ਵਕਫ਼ੇ ਤੇ ਕਰੋ ।

**ਖੇਤਾਂ ਤੇ ਜੜ੍ਹਾਂ ਅਤੇ ਗਿੱਚੀ ਦਾ ਗਲਣਾ** : ਜਿੱਥੇ ਇਹ ਰੋਗ ਵਧੇਰੇ ਲੱਗਦਾ ਹੈ ਉੱਥੇ ਮਟਰ ਦੀ ਫ਼ਸਲ ਅਗੇਤੀ ਨਾ ਬੀਜੋ ਕਿਉਂਕਿ ਅਗੇਤੀ ਫ਼ਸਲ ਨੂੰ ਰੋਗ ਜ਼ਿਆਦਾ ਲੱਗਦਾ ਹੈ । ਇਸ ਰੋਗ ਨਾਲ ਜੜ੍ਹਾਂ ਗਲ ਜਾਂਦੀਆਂ ਹਨ ਅਤੇ ਹੇਠਲੇ ਪੱਤੇ ਪੀਲੇ ਹੋ ਜਾਂਦੇ ਹਨ ਅਤੇ ਬਾਅਦ ਵਿੱਚ ਪੌਦਾ ਮਰ ਜਾਂਦਾ ਹੈ । ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸ਼ਨ ਪ੍ਰਤੀ ਕਿਲੋ ਬੀਜ ਨਾਲ ਸੋਧ ਕੇ ਬੀਜਣਾ ਚਾਹੀਦਾ ਹੈ ।

**ਕੁੰਗੀ** : ਦਸੰਬਰ-ਜਨਵਰੀ ਵਿੱਚ ਪੱਤਿਆਂ ਦੇ ਹੇਠਲੇ ਪਾਸੇ ਪੀਲੇ ਤੇ ਭੂਰੇ ਰੰਗ ਦੇ ਗੋਲ ਉਭਰਵੇਂ ਧੱਬੇ ਪੈਦਾ ਹੋ ਜਾਂਦੇ ਹਨ । ਇਸ ਬਿਮਾਰੀ ਦਾ ਪਛੇਤੀ ਫ਼ਸਲ ਤੇ ਹਮਲਾ ਵਧੇਰੇ ਹੁੰਦਾ ਹੈ । ਪਹਿਲਾ ਛਿੜਕਾਅ 400 ਗ੍ਰਾਮ ਇੰਡੋਫਿਲ ਐਮ-45 ਨੂੰ 200 ਲਿਟਰ ਪਾਣੀ ਵਿੱਚ ਪਾ ਕੇ ਦਸੰਬਰ ਦੇ ਅੰਤ ਵਿੱਚ ਕਰੋ । ਬਾਕੀ ਦੇ 3 ਛਿੜਕਾਅ 10 ਦਿਨਾਂ ਦੇ ਵਕਫ਼ੇ ਤੇ ਕਰੋ ।

ਚਿੱਟੇ ਅਤੇ ਕੁੰਗੀ ਦੋਹਾਂ ਨੂੰ ਇਕੱਠਿਆਂ ਕਰਨ ਲਈ ਕੈਰਾਥੇਨ 80 ਮਿਲੀਲਿਟਰ ਜਾਂ ਸਲਫੈਕਸ 200 ਗ੍ਰਾਮ ਨੂੰ ਇੰਡੋਫਿਲ ਐਮ-45, 400 ਗ੍ਰਾਮ ਵਿੱਚ ਰਲਾ ਕੇ ਪ੍ਰਤੀ ਏਕੜ ਛਿੜਕਾਅ ਕਰੋ ।



# ਡਾਇਬਿਟੀਜ਼ ਲਈ ਜਾਗਿੰਗ ਜਾਂ ਵਾਕਿੰਗ ਵਿੱਚੋਂ ਕੀ ਫਾਇਦੇਮੰਦ?

ਡਾ. ਸੰਮਾਨ ਵਰਮਾ (ਮੋ. 73473-81496) | ਡਾ. ਰਿਪੁਦਮਨ ਸਿੰਘ (ਮੋ. 98152-00134)
ਸਦਭਾਵਨਾ ਮੈਡੀਕਲ ਤੇ ਹਾਰਟ ਇੰਸਟੀਚਿਊਟ, ਪਟਿਆਲਾ

ਡਾਇਬਿਟੀਜ ਦੇ ਮਰੀਜ਼ਾਂ ਲਈ ਸ਼ੂਗਰ ਬੈਲੇਂਸ ਰੱਖਣਾ ਕਈ ਵਾਰ ਮੁਸ਼ਕਲ ਹੋ ਜਾਂਦਾ ਹੈ ਖਾਸਕਰ ਇਸ ਸਟਰੇਸ ਭਰੀ ਲਾਈਫਸਟਾਈਲ ਵਿੱਚ । ਅਜਿਹੇ ਵਿੱਚ ਸਭ ਤੋਂ ਜ਼ਿਆਦਾ ਜ਼ਰੂਰੀ ਹੈ ਕਿ ਆਪਣੀ ਡਾਈਟ ਦੇ ਇਲਾਵਾ ਤੁਸੀਂ ਐਕਟਿਵ ਲਾਈਫਸਟਾਈਲ ਦੇ ਨਾਲ ਰੇਗੂਲਰ ਐਕਸਰਸਾਇਜ ਕਰਨ ਉੱਤੇ ਧਿਆਨ ਦਿਓ

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069

। ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿਭਾਗ ਦੇ ਡਾ. ਅਸ਼ੋਕ ਕੋਛੜ ਨਾਲ ਕੀਤੀ ਕਿ ਡਾਇਬਿਟੀਜ ਦੇ ਮਰੀਜ਼ਾਂ ਲਈ ਵਾਕਿੰਗ ਜਾਂ ਰਨਿੰਗ ਵਿੱਚੋਂ ਕਿਹੜੀ ਐਕਸਰਸਾਇਜ ਜ਼ਿਆਦਾ ਫਾਇਦੇਮੰਦ ਹੈ । ਡਾ. ਅਸ਼ੋਕ ਮਧੂਮੇਹ ਅਤੇ ਕਸਰਤ ਨਾਲ ਸੰਬੰਧਿਤ ਵਿਦਿਆ ਵਿੱਚ ਮਹਾਰਤ ਰੱਖਦੇ ਹਨ । ਇਸ ਕਸਰਤ ਨੂੰ ਕਰਨ ਤੋਂ ਅਸੀਂ ਜ਼ਿਆਦਾ ਸ਼ੂਗਰ ਪਚਾ ਸਕਦੇ ਹਾਂ ਅਤੇ ਕਲੋਰੀ ਬਰਨ ਕਰ ਸਕਦੇ ਹਾਂ । ਅਸੀਂ ਇਹ ਵੀ ਜਾਣਾਂਗੇ ਕਿ ਲੰਬੇ ਸਮੇਂ ਤੱਕ ਕਿਸ ਐਕਸਰਸਾਇਜ ਨੂੰ ਕੀਤਾ ਜਾ ਸਕਦਾ ਹੈ ।

### ਵਾਕਿੰਗ ਜਾਂ ਰਨਿੰਗ : ਡਾਇਬਿਟੀਜ ਵਿੱਚ ਕੀ ਹੈ ਫਾਇਦੇਮੰਦ ?

ਡਾ. ਅਸ਼ੋਕ ਨੇ ਦੱਸਿਆ ਕਿ ਵਾਕ



ਕਰਨਾ ਦੋਨਾਂ ਹੀ ਡਾਇਬਿਟੀਜ ਨੂੰ ਨਿਯੰਤਰਿਤ ਕਰਨ ਵਿੱਚ ਸਹਾਇਕ ਹੋ ਸਕਦੇ ਹਨ, ਲੇਕਿਨ ਤੇਜ ਚੱਲਣਾ ਯਾਨੀ ਵਾਕਿੰਗ ਅਕਸਰ ਬਿਹਤਰ ਸ਼ੁਰੂਆਤੀ ਵਿਕਲਪ ਹੁੰਦਾ ਹੈ । ਤੁਸੀਂ ਇਸ ਨੂੰ ਅਜਿਹਾ ਸਮਝ ਸਕਦੇ ਹੋ ।

### ਡਾਇਬਿਟੀਜ ਵਿੱਚ ਵਾਕਿੰਗ

ਡਾਇਬਿਟੀਜ ਵਿੱਚ ਵਾਕਿੰਗ ਜੋੜਾਂ ਲਈ ਅਰਾਮਦਾਇਕ ਹੁੰਦਾ ਹੈ । ਨੇਮੀ ਰੂਪ ਨਾਲ ਕੀਤਾ ਜਾ ਸਕਦਾ ਹੈ ਅਤੇ ਮਾਸਪੇਸ਼ੀਆਂ ਨੂੰ ਊਰਜਾ ਲਈ ਗਲੂਕੋਜ ਦੀ ਵਰਤੋਂ ਕਰਨ ਵਿੱਚ ਮਦਦ ਕਰਦਾ ਹੈ । ਜਿਸ ਨਾਲ ਬਲਡ ਸ਼ੂਗਰ ਕੰਟਰੋਲ ਕਰਨ ਵਿੱਚ ਮਦਦ ਮਿਲ ਸਕਦੀ ਹੈ । ਇਸ ਦੇ ਇਲਾਵਾ ਵਾਕਿੰਗ ਕਰਨ ਨਾਲ ਇੰਸੁਲਿਨ ਸੰਵੇਦਨਸ਼ੀਲਤਾ ਵਿੱਚ ਸੁਧਾਰ ਹੋ ਸਕਦਾ ਹੈ । ਦਿਨ ਵਿੱਚ ਲਗਭਗ 30-45 ਮਿੰਟ ਤੱਕ ਵਾਕਿੰਗ ਕਰਨਾ ਉਨ੍ਹਾਂ ਲੋਕਾਂ ਲਈ ਵਿਸ਼ੇਸ਼ ਰੂਪ ਤੋਂ ਲਾਭਦਾਇਕ ਹੋ ਸਕਦਾ ਹੈ ਜੋ ਬਹੁਤ ਭਾਰੀ ਭਰਕਮ ਐਕਸਰਸਾਇਜ ਨਹੀਂ ਕਰ ਸਕਦੇ ਤਾਂ ਇਸ ਨੂੰ ਕਰਨਾ ਸ਼ੁਰੂ ਕਰ ਰਹੇ ਹਨ ਜਿਨ੍ਹਾਂ ਦਾ ਭਾਰ ਜ਼ਿਆਦਾ ਹੈ ਜਾਂ ਜਿਨ੍ਹਾਂ ਨੂੰ ਜੋੜਾਂ ਵਿੱਚ ਤਕਲੀਫ਼ ਹੈ ।

PubMd ਵਿੱਚ ਪ੍ਰਕਾਸ਼ਿਤ ਇਸ ਸ਼ੋਧ ਵਿੱਚ ਦੱਸਿਆ ਗਿਆ ਹੈ ਕਿ ਟਾਇਪ 2 ਡਾਇਬਿਟੀਜ ਮੇਲਿਟਸ ਦੇ ਮਰੀਜ਼ਾਂ ਵਿੱਚ ਚਲਣ-ਫਿਰਣ ਨਾਲ ਗਲਾਇਸੇਮਿਕ ਕੰਟਰੋਲ ਬਿਹਤਰ ਹੋ ਸਕਦਾ ਹੈ । ਇਸ ਸਟਡੀ ਦਾ ਮਕਸਦ ਕਲਿਨਿਕਲ ਟਰਾਇਲਸ ਅਤੇ ਟਾਇਪ 2 ਡਾਇਬਿਟੀਜ ਮੇਲਿਟਸ ਦੇ ਮਰੀਜ਼ਾਂ ਲਈ ਜਾਣਕਾਰੀ ਉਪਲਬੱਧ ਕਰਾਉਣਾ ਸੀ ।

### ਡਾਇਬਿਟੀਜ ਵਿੱਚ ਜਾਗਿੰਗ

ਡਾ. ਅਸ਼ੋਕ ਨੇ ਅੱਗੇ ਦੱਸਿਆ ਕਿ ਜਾਗਿੰਗ ਜ਼ਿਆਦਾ ਤੇਜ਼ ਐਕਸਰਸਾਇਜ ਹੈ ਅਤੇ ਹਿਰਦਾ ਸੰਬੰਧੀ ਸਿਹਤ ਵਿੱਚ ਸੁਧਾਰ ਕਰ ਸਕਦੀ ਹੈ ਅਤੇ ਉਨ੍ਹਾਂ ਲੋਕਾਂ ਲਈ ਘੱਟ ਸਮੇਂ ਵਿੱਚ ਜ਼ਿਆਦਾ ਕਲੋਰੀ ਸਾੜ ਸਕਦੀ ਹੈ ਜੋ ਪਹਿਲਾਂ ਤੋਂ ਹੀ ਰੈਗੂਲਰ ਐਕਸਰਸਾਇਜ ਕਰਨ ਵਿੱਚ ਸਹਿਜ ਹਨ ਤਾਂ ਜੇਕਰ ਤੁਸੀਂ ਪਹਿਲਾਂ ਤੋਂ ਹੀ ਰੈਗੂਲਰ ਐਕਸਰਸਾਈਜ ਕਰ ਰਹੇ ਹੋ ਤਾਂ ਤੁਸੀਂ ਜਾਗਿੰਗ ਕਰ ਸਕਦੇ ਹੋ ।

PubMd ਵਿੱਚ ਪ੍ਰਕਾਸ਼ਿਤ ਇੱਕ ਹੋਰ ਸ਼ੋਧ ਵਿੱਚ ਦੱਸਿਆ ਗਿਆ ਹੈ ਕਿ ਟਾਇਪ 2 ਡਾਇਬਿਟੀਜ ਮੇਲਿਟਸ ਵਾਲੇ ਮਰੀਜ਼ਾਂ ਵਿੱਚ ਸ਼ਾਰਟ-ਟਰਮ ਬਲਡ ਗਲੂਕੋਜ ਉੱਤੇ ਲਗਾਤਾਰ ਜਾਗਿੰਗ ਕਰਨ ਦਾ ਚੰਗਾ ਅਸਰ ਦੇਖਿਆ ਗਿਆ ਹੈ । ਇਸ ਸ਼ੋਧ ਵਿੱਚ ਦੱਸਿਆ ਗਿਆ ਹੈ ਕਿ ਡਾਇਬਿਟੀਜ ਦੇ ਮਰੀਜ਼ਾਂ ਨੂੰ ਜਾਗਿੰਗ ਕਰਨ ਨਾਲ ਸ਼ੂਗਰ ਕੰਟਰੋਲ ਕਰਨ ਵਿੱਚ ਮਦਦ ਮਿਲ ਸਕਦੀ ਹੈ ।

### ਕਿਹੜੀ ਹੈ ਜ਼ਿਆਦਾ ਫਾਇਦੇਮੰਦ ?

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਤੇਜ਼ੀ ਨਾਲ ਕਰਨ ਦੀ ਬਜਾਏ ਲਗਾਤਾਰ ਕਰਦੇ ਰਹਿਣਾ ਜ਼ਿਆਦਾ ਮਾਇਨੇ ਰੱਖਦਾ ਹੈ, ਇਹ ਗੱਲ ਡਾ. ਅਸ਼ੋਕ ਨੇ ਕਹੀ । ਇਸੇ ਲਈ ਡਾਇਬਿਟੀਜ ਨਾਲ ਜੁੜੇ ਫਾਇਦੇ ਪਾਉਣ ਲਈ ਜਾਗਿੰਗ ਕਰਨਾ ਜ਼ਰੂਰੀ ਨਹੀਂ ਹੈ । ਖਾਣ ਤੋਂ ਬਾਅਦ ਤੇਜ਼ੀ ਨਾਲ ਵਾਕ ਕਰਨ ਤੋਂ ਵੀ ਬਲਡ ਸ਼ੂਗਰ ਦਾ ਪੱਧਰ ਵਧਣ ਤੋਂ ਰੋਕਿਆ ਜਾ ਸਕਦਾ ਹੈ ਕਿਉਂਕਿ ਐਕਟਿਵ ਮਾਸਪੇਸ਼ੀਆਂ ਖ਼ੂਨ ਤੋਂ ਗਲੂਕੋਜ ਸੋਖ ਲੈਂਦੀਆਂ ਹਨ । ਫਿਟਨੇਸ ਬਿਹਤਰ ਹੋਣ ਤੇ ਹੌਲੀ-ਹੌਲੀ ਜਾਗਿੰਗ ਸ਼ੁਰੂ ਕੀਤੀ ਜਾ ਸਕਦੀ ਹੈ ਲੇਕਿਨ ਅਚਾਨਕ ਤੇਜ਼ੀ ਨਾਲ ਦੌੜਨਾ ਸ਼ੁਰੂ ਕਰਨ ਨਾਲ ਜੋੜਾਂ, ਮਾਸਪੇਸ਼ੀਆਂ ਜਾਂ ਟੇਂਡਨ ਵਿੱਚ ਚੋਟ ਲੱਗਣ ਦਾ ਖ਼ਤਰਾ ਵੱਧ ਸਕਦਾ ਹੈ । ਖਾਸਕਰ ਉਨ੍ਹਾਂ ਲੋਕਾਂ ਵਿੱਚ ਜਿਨ੍ਹਾਂ ਦਾ ਭਾਰ ਜ਼ਿਆਦਾ ਹੈ ਜਾਂ ਜੋ ਲੰਬੇ ਸਮੇਂ ਤੋਂ ਸਰੀਰਕ ਤੌਰ ਤੋਂ ਸਰਗਰਮ ਨਹੀਂ ਰਹੇ ਹਨ ।

### ਡਾਇਬਿਟੀਜ ਵਿੱਚ ਕਿੰਨੀ ਦੇਰ ਵਾਕ ਕਰੋ ?

American Dia-betes Association ਦੇ ਅਨੁਸਾਰ ਹਫ਼ਤੇ ਵਿੱਚ ਘੱਟ ਤੋਂ ਘੱਟ 150 ਮਿੰਟ ਮੱਧ ਰਫ਼ਤਾਰ ਨਾਲ ਵਾਕ ਕਰਨਾ ਯਾਨੀ ਹਫ਼ਤੇ ਵਿੱਚ 5 ਦਿਨ ਰੋਜ਼ਾਨਾ ਲਗਭਗ 30 ਮਿੰਟ ਵਾਕ ਕਰਨਾ ਡਾਇਬਿਟੀਜ ਦੇ ਮਰੀਜ਼ਾਂ ਨੂੰ ਸ਼ੂਗਰ ਮੈਨੇਜ ਕਰਨ ਵਿੱਚ ਮਦਦ ਕਰ ਸਕਦਾ ਹੈ ।

ਅੰਤ ਵਿੱਚ ਡਾ. ਅਸ਼ੋਕ ਦਾ ਸੁਝਾਅ ਹੈ ਕਿ ਡਾਇਬਿਟੀਜ ਵਾਲੇ ਜ਼ਿਆਦਾਤਰ ਲੋਕਾਂ ਨੂੰ ਤੇਜ਼ੀ ਨਾਲ ਟਹਿਲਨ ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ ਅਤੇ ਜੇਕਰ ਸਹਿਜ ਮਹਿਸੂਸ ਹੋਵੇ ਤਾਂ ਹੌਲੀ-ਹੌਲੀ ਜਾਗਿੰਗ ਦੇ ਵੱਲ ਵਧਣਾ ਚਾਹੀਦਾ ਹੈ । ਨਾਲ ਹੀ ਸਟਰੇਂਥ ਐਕਸਰਸਾਇਜ ਕਰਨ ਨਾਲ ਮਾਸਪੇਸ਼ੀਆਂ ਬਣਦੀਆਂ ਹਨ ਅਤੇ ਗਲੂਕੋਜ ਦਾ ਇਸਤੇਮਾਲ ਬਿਹਤਰ ਹੁੰਦਾ ਹੈ ਜਿਸਦੇ ਨਾਲ ਹੋਰ ਵੀ ਫਾਇਦੇ ਮਿਲ ਸਕਦੇ ਹਨ । ਜੋ ਲੋਕ ਇੰਸੁਲਿਨ ਜਾਂ ਅਜਿਹੀ ਡਾਇਬਿਟੀਜ ਦੀਆਂ ਦਵਾਈਆਂ ਲੈ ਰਹੇ ਹਨ ਜਿਨ੍ਹਾਂ ਤੋਂ ਬਲਡ ਸ਼ੂਗਰ ਘੱਟ ਹੋ ਸਕਦੀ ਹੈ । ਉਨ੍ਹਾਂ ਨੂੰ ਐਕਸਰਸਾਇਜ ਅਤੇ ਬਲਡ ਸ਼ੂਗਰ ਦੀ ਨਿਗਰਾਨੀ ਦੇ ਬਾਰੇ ਵਿੱਚ ਆਪਣੇ ਡਾਕਟਰ ਨਾਲ ਗੱਲ ਕਰਨੀ ਚਾਹੀਦੀ ਹੈ । ਖਾਸਕਰ ਤੱਦ ਜਦੋਂ ਉਹ ਐਕਸਰਸਾਇਜ ਦੀ ਸਪੀਡ ਵਧਾ ਰਹੇ ਹੋਣ । ਆਖ਼ਿਰਕਾਰ ਸਭ ਤੋਂ ਚੰਗਾ ਵਿਕਲਪ ਉਹੀ ਗਤੀਵਿਧੀ ਹੈ ਜਿਸ ਨੂੰ ਸੁਰੱਖਿਅਤ ਅਤੇ ਨੇਮੀ ਰੂਪ ਨਾਲ ਕੀਤਾ ਜਾ ਸਕੇ, ਕਿਉਂਕਿ ਕਦੇ-ਕਦੇ ਜਾਗਿੰਗ ਕਰਕੇ ਛੱਡ ਦੇਣ ਦੀ ਬਜਾਏ ਲਗਾਤਾਰ 30 ਮਿੰਟ ਤੱਕ ਤੇਜ਼ੀ ਨਾਲ ਵਾਕ ਕਰਨਾ ਡਾਇਬਿਟੀਜ ਨੂੰ ਕੰਟਰੋਲ ਕਰਨ ਲਈ ਜ਼ਿਆਦਾ ਫਾਇਦੇਮੰਦ ਹੈ ।

# ਪੁਰਾਣੇ ਘਰਾਂ ਦੀ ਬਾਤ



ਹਰਜੀਤ ਸਿੰਘ ਝੋਰੜਾਂ
ਐਮ. ਏ. ਪੰਜਾਬੀ
ਮੋ. 98726-85890

ਹਰ ਇਨਸਾਨ ਦੀ ਮੁੱਢਲੀ ਲੋੜ ਹੈ ਰੋਟੀ, ਕੱਪੜਾ ਅਤੇ ਮਕਾਨ । ਸਮੇਂ ਦੇ ਨਾਲ-ਨਾਲ ਮਨੁੱਖ ਤਰੱਕੀ ਕਰਦਾ ਜਾਂਦਾ ਹੈ ਅਤੇ ਆਪਣੇ ਆਲੇ-ਦੁਆਲੇ ਬਹੁਤ ਕੁਝ ਹੁੰਦਾ ਦੇਖਦਾ ਹੈ ।

ਇੱਥੇ ਇਹੀ ਕਹਿਣਾ ਹੈ ਜੇਕਰ ਸਾਡੇ ਕੋਲ ਨਵਾਂ ਘਰ ਬਣਾਉਣ ਲਈ ਜਗ੍ਹਾ ਹੋਵੇ ਤਾਂ ਸਾਨੂੰ ਪੁਰਾਣੇ ਘਰਾਂ ਨੂੰ ਉਸੇ ਤਰ੍ਹਾਂ ਹੀ ਬਹਾਲ ਰੱਖਣਾ ਚਾਹੀਦਾ ਹੈ । ਪੁਰਾਣੀ ਵਿਰਾਸਤ ਨੂੰ ਵੀ ਨਵੇਂ ਘਰ ਦੇ ਨਾਲ ਰੰਗ-ਰੋਗਨ ਕਰਕੇ ਸੰਭਾਲਿਆ ਜਾ ਸਕਦਾ ਹੈ ਜੋ ਕਿ ਹਰ ਵੇਲੇ ਪੇਂਡੂ ਘਰਾਂ ਦੀ ਯਾਦ ਦਿਵਾਉਂਦੀ ਰਹੇਗੀ । ਜਿੰਨ੍ਹਾਂ ਵੀਰਾਂ ਨੇ ਪੁਰਾਣੇ ਘਰਾਂ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਉਹ ਸਾਰੇ ਵਧਾਈ ਦੇ ਪਾਤਰ ਹਨ । ਅੱਜਕੱਲ੍ਹ ਅਸੀਂ ਨਵੀਨੀਕਰਨ ਦੇ ਯੁੱਗ ਵਿੱਚ ਪੁਰਾਣੀਆਂ ਇਮਾਰਤਾਂ ਨੂੰ ਗੁਆਈ ਜਾ ਰਹੇ ਹਾਂ । ਇੱਕ ਕਹਾਵਤ ਵੀ ਪ੍ਰਸਿੱਧ ਹੈ- ''ਨਵਾਂ ਨੌਂ ਦਿਨ ਪੁਰਾਣਾ ਸੌ ਦਿਨ'' ।

ਅੱਜ ਕੱਲ੍ਹ ਤਾਂ ਬਹੁਤ ਲੋਕ ਪੁਰਾਣੀਆਂ ਹਵੇਲੀਆਂ ਵਾਂਗ ਘਰ ਪਾ ਰਹੇ ਹਨ । ਉਹ ਘਰ ਦੇ ਵੱਡੇ ਦਰਵਾਜ਼ੇ ਵੀ ਪੁਰਾਣੇ ਪੰਜਾਬ ਦੀ ਤਰ੍ਹਾਂ ਬਣਾ ਕੇ ਉਨ੍ਹਾਂ ਨੂੰ ਸਭਿਆਚਾਰਕ ਦਿੱਖ ਦੇ ਰਹੇ ਹਨ । ਅਸੀਂ ਕਿੰਨੇ ਹੀ ਵੱਡੇ ਬਣ ਜਾਈਏ ਪਰੰਤੂ ਪੁਰਾਣੇ ਘਰਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ । ਜੋ ਕਿਸੇ ਵੇਲੇ ਸਾਡੀ ਜ਼ਿੰਦਗੀ ਬਚਪਨ ਦਾ ਹਿੱਸਾ ਹੋਇਆ ਕਰਦੇ ਸਨ । ਜਿੱਥੇ ਸਾਡੇ ਵੱਡ-ਵਡੇਰਿਆਂ ਨੇ ਆਪਣੀ ਜ਼ਿੰਦਗੀ ਹੰਢਾਈ ਹੋਵੇ ਉਹ ਘਰ ਮਹਿੰਗੀ ਚੀਜ਼ ਅਤੇ ਮਹਿੰਗੀ ਥਾਂ ਬਣ ਜਾਂਦੀ ਹੈ ।



## ਪੰਜਾਬ ਵਿੱਚ ਨਰਮੇ ਦੀ ਕਾਸ਼ਤ ਹੇਠ ਰਕਬਾ ਘਟਿਆ

# ਨਰਮੇ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਦੋ ਸਾਲ ਤੋਂ ਨਹੀਂ ਮਿਲੀ ਸਬਸਿਡੀ

ਪੰਜਾਬ ਸਰਕਾਰ ਦੇ ਵਿੱਤੀ ਸੰਕਟ ਕਾਰਨ ਹੁਣ ਨਰਮੇ ਦੇ ਬੀਜ ਦੀ ਸਬਸਿਡੀ ਨੂੰ ਵੀ 'ਸੁੰਡੀ' ਪੈਣ ਲੱਗੀ ਹੈ। ਸੂਬੇ ਦੇ ਕਿਸਾਨਾਂ ਨੂੰ ਦੋ ਵਰ੍ਹਿਆਂ ਤੋਂ ਨਰਮੇ ਦੇ ਬੀਜ ਦੀ ਹਾਲੇ ਤੱਕ ਸਬਸਿਡੀ ਨਹੀਂ ਮਿਲੀ, ਜੋ ਕਿ 8.50 ਕਰੋੜ ਰੁਪਏ ਬਣਦੀ ਹੈ। 'ਆਪ' ਸਰਕਾਰ ਨੇ ਸਾਲ 2023-24 ਵਿੱਚ ਨਰਮੇ ਦੇ ਪ੍ਰਮਾਣਿਤ ਬੀਜਾਂ 'ਤੇ 33 ਫੀਸਦ ਸਬਸਿਡੀ ਦੇਣ ਦਾ ਐਲਾਨ ਕੀਤਾ ਸੀ। ਪਹਿਲੇ ਦੋ ਸਾਲ ਤਾਂ ਕਿਸਾਨਾਂ ਨੂੰ ਬੀਜ 'ਤੇ ਸਬਸਿਡੀ ਮਿਲਦੀ ਰਹੀ, ਪਰ ਉਸ ਮਗਰੋਂ ਕਿਸਾਨ ਸਬਸਿਡੀ ਦਾ ਰਾਹ ਤੱਕ ਰਹੇ ਹਨ। ਪਿਛਲੇ ਸਾਲ 2025-26 ਦੀ ਬੀਜ ਸਬਸਿਡੀ ਦੇ 5.51 ਕਰੋੜ ਰੁਪਏ ਦੇ ਬਕਾਏ ਖੜ੍ਹੇ ਹਨ।

ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਿਛਲੇ ਮਹੀਨੇ ਵਿੱਤ ਵਿਭਾਗ ਨੂੰ ਪੁਰਾਣੀ ਸਬਸਿਡੀ ਰਿਲੀਜ਼ ਕਰਨ ਵਾਸਤੇ ਚਿੱਠੀ ਲਿਖੀ ਸੀ, ਪਰ ਖਜ਼ਾਨਾ ਵਿਭਾਗ ਨੇ ਕੋਈ ਪੈਸਾ ਜਾਰੀ ਨਹੀਂ ਕੀਤਾ। ਸਾਲ 2025-26 ਵਿੱਚ ਨਰਮਾ ਪੱਟੀ ਦੇ 52,500 ਕਿਸਾਨਾਂ ਨੇ ਬੀਜ ਸਬਸਿਡੀ ਲਈ ਰਜਿਸਟਰੇਸ਼ਨ ਕੀਤੀ ਸੀ, ਜਿਨ੍ਹਾਂ ਨੂੰ



ਸਬਸਿਡੀ ਦਾ ਪੈਸਾ ਹਾਲੇ ਤੱਕ ਨਹੀਂ ਮਿਲਿਆ ਹੈ। ਚਾਲੂ ਵਰ੍ਹੇ 2026-27 ਦੌਰਾਨ ਬੀਜ ਸਬਸਿਡੀ ਲਈ 14,645 ਕਿਸਾਨਾਂ ਨੇ ਅਪਲਾਈ ਕੀਤਾ ਹੈ ਅਤੇ ਇਸ ਵਰ੍ਹੇ ਦੌਰਾਨ ਬੀਜ ਸਬਸਿਡੀ ਦਾ ਬਿੱਲ ਵੀ ਢਾਈ ਤੋਂ ਤਿੰਨ ਕਰੋੜ ਦਾ ਹੀ ਰਹਿ ਜਾਣਾ ਹੈ। ਪੰਜਾਬ ਵਿੱਚ ਇਸ ਵਾਰ ਨਰਮੇ ਹੇਠਲਾ ਰਕਬਾ ਵੀ ਘੱਟ ਕੇ ਕਰੀਬ 80 ਹਜ਼ਾਰ ਹੈਕਟੇਅਰ ਹੀ ਰਹਿ ਗਿਆ ਹੈ। 'ਆਪ' ਸਰਕਾਰ ਦੇ ਕਾਰਜਕਾਲ ਦੇ ਪਹਿਲੇ ਵਰ੍ਹੇ 2022-23 ਦੌਰਾਨ ਪੰਜਾਬ ਵਿੱਚ 2.49 ਲੱਖ ਹੈਕਟੇਅਰ ਰਕਬੇ 'ਤੇ ਨਰਮੇ ਦੀ ਕਾਸ਼ਤ ਸੀ, ਜੋ ਹੁਣ ਘੱਟ ਕੇ ਸਿਰਫ 80 ਹਜ਼ਾਰ ਹੈਕਟੇਅਰ ਰਹਿ ਗਈ ਹੈ। ਸਾਲ 2025-26 ਦੌਰਾਨ 1.28 ਲੱਖ ਹੈਕਟੇਅਰ ਰਕਬੇ ਵਿੱਚ ਨਰਮੇ ਦੀ ਬਿਜਾਂਦ ਹੋਈ ਸੀ ਅਤੇ ਇਨ੍ਹਾਂ ਕਾਸ਼ਤਕਾਰਾਂ ਨੂੰ ਬੀਜ ਸਬਸਿਡੀ ਹਾਲੇ ਤੱਕ ਨਹੀਂ ਮਿਲੀ। ਹੁਣ ਕੁਝ ਵਰ੍ਹਿਆਂ ਤੋਂ ਫ਼ਸਲੀ ਵਿਭਿੰਨਤਾ ਨੂੰ ਵੱਡੀ ਢਾਹ ਲੱਗੀ ਹੈ। ਸਾਲ 1990-91 ਵਿੱਚ ਪੰਜਾਬ ਵਿੱਚ ਨਰਮੇ ਹੇਠ 7.01 ਲੱਖ ਹੈਕਟੇਅਰ ਰਕਬਾ ਸੀ, ਜੋ ਹੁਣ ਇੱਕ ਲੱਖ ਤੋਂ ਵੀ ਘੱਟ ਗਿਆ ਹੈ। ਸਾਲ 2006-07 ਦਾ ਅਜਿਹਾ ਸਾਲ ਸੀ, ਜਦੋਂ ਪੰਜਾਬ ਵਿੱਚ ਨਰਮੇ ਦੀ ਰਿਕਾਰਡ ਪੈਦਾਵਾਰ 27 ਲੱਖ ਗੱਠਾਂ ਦੀ ਹੋਈ ਸੀ। ਸਾਲ 2015 ਵਿੱਚ ਕਿਸਾਨਾਂ ਦੀ ਫ਼ਸਲ ਦਾ ਚਿੱਟੀ ਮੱਖੀ ਨੇ ਵੱਡਾ ਨੁਕਸਾਨ ਕੀਤਾ ਸੀ, ਜਿਸ ਕਾਰਨ ਸਵਾ ਤਿੰਨ ਲੱਖ ਹੈਕਟੇਅਰ ਫ਼ਸਲ ਤਬਾਹ ਹੋ ਗਈ ਸੀ।

### ਸਬਸਿਡੀ ਬਿੱਲ ਖਜ਼ਾਨੇ ਨੂੰ ਮੁੜ ਭੇਜੇ : ਡਾਇਰੈਕਟਰ

ਖੇਤੀ ਵਿਭਾਗ ਦੇ ਡਾਇਰੈਕਟਰ ਗੁਰਜੀਤ ਸਿੰਘ ਬਰਾੜ ਦਾ ਕਹਿਣਾ ਸੀ ਕਿ ਪਿਛਲੇ ਸਾਲ ਦੇ 5.51 ਕਰੋੜ ਦੇ ਬੀਜ ਸਬਸਿਡੀ ਦੇ ਬਿੱਲ ਖਜਾਨੇ ਵਿੱਚ ਲਾਏ ਗਏ ਸਨ, ਜੋ ਪਾਸ ਨਹੀਂ ਹੋ ਸਕੇ ਸੀ, ਪਰ ਹੁਣ ਇਹ ਬਿੱਲ ਦੁਬਾਰਾ ਲਾਏ ਗਏ ਹਨ। ਮੌਜੂਦਾ ਸਾਲ ਦੀ ਬੀਜ ਸਬਸਿਡੀ ਲਈ 15 ਜੁਲਾਈ ਤੋਂ ਪੜਤਾਲ ਸ਼ੁਰੂ ਕੀਤੀ ਗਈ ਹੈ ਅਤੇ ਪੜਤਾਲ ਹੋਣ ਮਗਰੋਂ ਬੀਜ ਸਬਸਿਡੀ ਜਾਰੀ ਕਰ ਦਿੱਤੀ ਜਾਵੇਗੀ।

**ਵਰ੍ਹਾ 2026-27 ਦੀ ਸਬਸਿਡੀ ਲਈ ਰਜਿਸਟਰੇਸ਼ਨ**

| ਜ਼ਿਲ੍ਹੇ ਦਾ ਨਾਮ | ਦਰਖਾਸਤਾਂ ਦੀ ਗਿਣਤੀ |
|---|---|
| ਫਾਜ਼ਿਲਕਾ | 4766 |
| ਬਠਿੰਡਾ | 4479 |
| ਮਾਨਸਾ | 3309 |
| ਸ੍ਰੀ ਮੁਕਤਸਰ ਸਾਹਿਬ | 1831 |
| ਸੰਗਰੂਰ | 108 |
| ਫਰੀਦਕੋਟ | 75 |
| ਬਰਨਾਲਾ | 50 |
| ਮੋਗਾ | 27 |

# ਪੰਜਾਬ ਵਿੱਚ 'ਕੈਂਸਰ ਦਾ ਦਾਨਵ' ਬੇਕਾਬੂ - ਤਿੰਨ ਸਾਲਾਂ ਵਿੱਚ 1.26 ਲੱਖ ਤੋਂ ਵੱਧ ਨਵੇਂ ਮਰੀਜ਼ ਆਏ ਸਾਹਮਣੇ

### ਕੇਂਦਰ ਸੂਬੇ 'ਤੇ ਜ਼ਿੰਮੇਵਾਰੀ ਸੁੱਟ ਕੇ ਹੋਇਆ ਸੁਰਖਰੂ

ਪੰਜਾਬ ਵਿੱਚ ਕੈਂਸਰ ਦੀ ਬਿਮਾਰੀ ਲਗਾਤਾਰ ਗੰਭੀਰ ਰੂਪ ਧਾਰ ਰਹੀ ਹੈ। ਕੇਂਦਰ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਪੇਸ਼ ਅੰਕੜਿਆਂ ਮੁਤਾਬਕ ਸੂਬੇ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 1,26,821 ਨਵੇਂ ਕੈਂਸਰ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਅੰਕੜਿਆਂ ਨੇ ਪੰਜਾਬ ਦੇ ਸਿਹਤ ਢਾਂਚੇ, ਕੈਂਸਰ ਦੀ ਰੋਕਥਾਮ ਅਤੇ



### ਮਾਲਵੇ ਤੋਂ ਸ਼ੁਰੂ ਹੋਈ ਮਹਾਂਮਾਰੀ ਨੇ ਪੂਰੇ ਪੰਜਾਬ ਨੂੰ ਜਕੜਿਆ - ਰੋਜ਼ਾਨਾ ਲਗਭਗ 70 ਮੌਤਾਂ ਦਾ ਖਦਸ਼ਾ

ਇਲਾਜ ਸੰਬੰਧੀ ਸਰਕਾਰੀ ਪ੍ਰਬੰਧਾਂ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਅਤੇ ਨੈਸ਼ਨਲ ਕੈਂਸਰ ਰਜਿਸਟਰੀ ਪ੍ਰੋਗਰਾਮ ਦੇ ਮੁਲਾਂਕਣ ਅਨੁਸਾਰ ਪੰਜਾਬ ਵਿੱਚ 2023 ਦੌਰਾਨ ਕੈਂਸਰ ਦੇ 41,337 ਨਵੇਂ ਮਾਮਲੇ ਦਰਜ ਹੋਏ ਸਨ, ਜੋ 2024 ਵਿੱਚ ਵੱਧ ਕੇ 42,288 ਹੋ ਗਏ। ਸਾਲ 2025 ਲਈ ਇਹ ਗਿਣਤੀ 43,196 ਤੱਕ ਪੁੱਜਣ ਦਾ ਅਨੁਮਾਨ ਹੈ। ਇਸ ਤਰ੍ਹਾਂ ਹਰ ਸਾਲ ਲਗਭਗ 900 ਤੋਂ 1000 ਨਵੇਂ ਮਾਮਲੇ ਵੱਧ ਰਹੇ ਹਨ। ਅੰਕੜਿਆਂ ਅਨੁਸਾਰ ਕੈਂਸਰ ਨਾਲ ਪੀੜਤ ਮਰੀਜ਼ਾਂ ਵਿੱਚ ਮੌਤ ਦਰ ਲਗਭਗ 57.8 ਫੀਸਦੀ ਹੈ ਅਤੇ 2026 ਵਿੱਚ ਰੋਜ਼ਾਨਾ ਔਸਤਨ 68 ਤੋਂ 70 ਮੌਤਾਂ ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਕੈਂਸਰ ਦੇ ਵਧਦੇ ਸੰਕਟ ਦਰਮਿਆਨ ਕੇਂਦਰ ਅਤੇ ਪੰਜਾਬ ਸਰਕਾਰ ਵਿਚਾਲੇ ਜ਼ਿੰਮੇਵਾਰੀ ਨੂੰ ਲੈ ਕੇ ਸਥਿਤੀ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਕੇਂਦਰੀ ਸਿਹਤ ਮੰਤਰਾਲੇ ਮੁਤਾਬਕ ਜਨਤਕ ਸਿਹਤ ਅਤੇ ਹਸਪਤਾਲ ਰਾਜਾਂ ਦਾ ਵਿਸ਼ਾ ਹਨ ਅਤੇ ਕੈਂਸਰ ਇਲਾਜ ਸਹੂਲਤਾਂ ਮੁਹੱਈਆ ਕਰਵਾਉਣ ਦੀ ਮੁੱਢਲੀ ਜ਼ਿੰਮੇਵਾਰੀ ਸੂਬਾ ਸਰਕਾਰ ਦੀ ਹੈ। ਹਾਲਾਂਕਿ ਕੇਂਦਰ ਵੱਲੋਂ ਨੈਸ਼ਨਲ ਹੈਲਥ ਮਿਸ਼ਨ ਰਾਹੀਂ ਰਾਜਾਂ ਦੀਆਂ ਤਜਵੀਜ਼ਾਂ ਦੇ ਆਧਾਰ 'ਤੇ ਵਿੱਤੀ ਅਤੇ ਤਕਨੀਕੀ ਸਹਾਇਤਾ ਦਿੱਤੀ ਜਾਂਦੀ ਹੈ। ਦੇਸ਼ ਭਰ ਵਿੱਚ 524 ਡੇਅ ਕੇਅਰ ਕੈਂਸਰ ਸੈਂਟਰ ਚੱਲ ਰਹੇ ਹਨ। ਪੰਜਾਬ ਵਿੱਚ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨੂੰ ਸਟੇਟ ਕੈਂਸਰ ਇੰਸਟੀਚਿਊਟ ਅਤੇ ਸਿਵਲ ਹਸਪਤਾਲ ਫਾਜ਼ਿਲਕਾ ਨੂੰ ਟਰਸ਼ਰੀ ਕੈਂਸਰ ਕੇਅਰ ਸੈਂਟਰ ਵਜੋਂ ਮਨਜ਼ੂਰੀ ਮਿਲੀ ਹੈ। ਇਸ ਦੇ ਨਾਲ ਸੰਗਰੂਰ ਅਤੇ ਚੰਡੀਗੜ੍ਹ ਵਿੱਚ ਟਾਟਾ ਮੈਮੋਰੀਅਲ ਸੈਂਟਰ ਨਾਲ ਜੁੜੀਆਂ ਕੈਂਸਰ ਸਹੂਲਤਾਂ ਵੀ ਮੌਜੂਦ ਹਨ। ਇਸ ਦੇ ਬਾਵਜੂਦ ਮਰੀਜ਼ਾਂ ਦੀ ਭੀੜ, ਮਾਹਿਰ ਡਾਕਟਰਾਂ ਦੀ ਘਾਟ ਅਤੇ ਆਧੁਨਿਕ ਮੈਡੀਕਲ ਸਹੂਲਤਾਂ ਦੀ ਕਮੀ ਸਮੱਸਿਆ ਬਣੀ ਹੋਈ ਹੈ। ਪੁਰਸ਼ਾਂ ਵਿੱਚ ਖੁਰਾਕ ਦੀ ਨਾਲੀ ਅਤੇ ਫੇਫੜਿਆਂ ਦਾ ਕੈਂਸਰ, ਜਦਕਿ ਔਰਤਾਂ ਵਿੱਚ ਛਾਤੀ, ਬੱਚੇਦਾਨੀ ਦੀ ਗ੍ਰੀਵਾ ਅਤੇ ਅੰਡਕੋਸ਼ ਦੇ ਕੈਂਸਰ ਚਿੰਤਾ ਦਾ ਕਾਰਨ ਹਨ। ਬੱਚਿਆਂ ਵਿੱਚ ਵੀ ਬਲੱਡ ਕੈਂਸਰ, ਬ੍ਰੇਨ ਟਿਊਮਰ ਅਤੇ ਲਿੰਫੋਮਾ ਵਰਗੇ ਮਾਮਲੇ ਸਾਹਮਣੇ ਆ ਰਹੇ ਹਨ। ਮਾਹਿਰਾਂ ਮੁਤਾਬਕ ਕੈਂਸਰ ਨਾਲ ਨਜਿੱਠਣ ਲਈ ਸ਼ੁਰੂਆਤੀ ਜਾਂਚ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਹੈ। 30 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਸਕ੍ਰੀਨਿੰਗ ਲਈ ਸਰਕਾਰੀ ਪ੍ਰੋਗਰਾਮ ਚੱਲ ਰਹੇ ਹਨ, ਪਰ ਪੇਂਡੂ ਖੇਤਰਾਂ ਵਿੱਚ ਜਾਗਰੂਕਤਾ ਅਤੇ ਸਿਹਤ ਸਹੂਲਤਾਂ ਦੀ ਪਹੁੰਚ ਅਜੇ ਵੀ ਵੱਡੀ ਚੁਣੌਤੀ ਹੈ। ਕੈਂਸਰ ਦਾ ਲੰਬਾ ਇਲਾਜ ਮੱਧਵਰਗੀ ਅਤੇ ਗਰੀਬ ਪਰਿਵਾਰਾਂ ਲਈ ਭਾਰੀ ਆਰਥਿਕ ਬੋਝ ਬਣ ਰਿਹਾ ਹੈ। ਆਯੁਸ਼ਮਾਨ ਭਾਰਤ ਸਮੇਤ ਵੱਖ-ਵੱਖ ਸਰਕਾਰੀ ਯੋਜਨਾਵਾਂ ਤਹਿਤ ਸਿਹਤ ਕਵਰੇਜ ਤੇ ਸਸਤੀਆਂ ਦਵਾਈਆਂ ਮੁਹੱਈਆ ਕਰਵਾਉਣ ਦੇ ਪ੍ਰਬੰਧ ਹਨ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼ ਰਾਹੀਂ 1.5 ਲੱਖ ਰੁਪਏ ਤੱਕ ਦੀ ਸਹਾਇਤਾ ਦਾ ਵੀ ਪ੍ਰਬੰਧ ਹੈ, ਪਰ ਮਰੀਜ਼ਾਂ ਅਤੇ ਪਰਿਵਾਰਾਂ ਦਾ ਕਹਿਣਾ ਹੈ ਕਿ ਸਹਾਇਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਅਕਸਰ ਲੰਬੀ ਅਤੇ ਗੁੰਝਲਦਾਰ ਹੋ ਜਾਂਦੀ ਹੈ।

ਜਨਤਕ ਸਿਹਤ ਮਾਹਿਰਾਂ ਅਨੁਸਾਰ ਪੰਜਾਬ ਵਿੱਚ ਕੈਂਸਰ ਦੇ ਵਧਦੇ ਮਾਮਲਿਆਂ ਪਿੱਛੇ ਵਾਤਾਵਰਣਕ ਕਾਰਕ ਵੀ ਗੰਭੀਰ ਚਿੰਤਾ ਦਾ ਵਿਸ਼ਾ ਹਨ। ਧਰਤੀ ਹੇਠਲੇ ਪਾਣੀ ਦੀ ਗੁਣਵੱਤਾ, ਖੇਤੀਬਾੜੀ ਵਿੱਚ ਕੀਟਨਾਸ਼ਕਾਂ ਦੀ ਵਧਦੀ ਵਰਤੋਂ ਅਤੇ ਖੁਰਾਕ ਵਿੱਚ ਮਿਲਾਵਟ ਵਰਗੇ ਮੁੱਦਿਆਂ ਦੀ ਡੂੰਘੀ ਜਾਂਚ ਦੀ ਲੋੜ ਹੈ। ਮਾਹਿਰਾਂ ਦਾ ਜ਼ੋਰ ਹੈ ਕਿ ਸਰਕਾਰਾਂ ਨੂੰ ਸਿਰਫ ਇਲਾਜ 'ਤੇ ਨਹੀਂ, ਸਗੋਂ ਰੋਕਥਾਮ, ਸ਼ੁਰੂਆਤੀ ਜਾਂਚ, ਵਾਤਾਵਰਣ ਸੁਰੱਖਿਆ ਅਤੇ ਸਸਤੇ ਇਲਾਜ 'ਤੇ ਵੀ ਬਰਾਬਰ ਧਿਆਨ ਦੇਣਾ ਹੋਵੇਗਾ।

# ਪੰਜਾਬ ਵਿੱਚ 180 ਲੱਖ ਟਨ ਝੋਨਾ ਖਰੀਦ ਦੀਆਂ ਤਿਆਰੀਆਂ ਮੁਕੰਮਲ

**★ 2461 ਰੁਪਏ ਪ੍ਰਤੀ ਕੁਇੰਟਲ ਦੇ ਰੇਟ ਨਾਲ 52000 ਕਰੋੜ ਦੀ ਕੈਸ਼ ਲਿਮਟ ਲਈ ਲਿਖਿਆ ★ ਕੇਂਦਰ ਵੱਲ 9700 ਕਰੋੜ ਦਾ ਦਿਹਾਤੀ ਵਿਕਾਸ ਫੰਡ ਬਕਾਇਆ**

ਪੰਜਾਬ ਦੀ 'ਆਪ' ਸਰਕਾਰ ਨੇ ਕੇਂਦਰੀ ਭੰਡਾਰ ਲਈ ਹੁਣ ਤੱਕ ਕਣਕ ਝੋਨੇ ਦੀਆਂ 9 ਫ਼ਸਲਾਂ ਦੀ ਸਫ਼ਲ ਖਰੀਦ ਉਪਰੰਤ ਆਖਰੀ 10ਵੀਂ ਫ਼ਸਲ ਝੋਨੇ ਦੀ ਖਰੀਦ ਦਾ ਪੂਰਾ ਪ੍ਰਬੰਧ ਕਰ ਲਿਆ ਹੈ। ਅਨਾਜ ਸਪਲਾਈ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਵੱਲ ਹੁਣ ਤੱਕ 9700



ਕਰੋੜ ਦਾ ਆਰ. ਡੀ. ਐਫ. ਬਕਾਇਆ ਖੜ੍ਹਾ ਹੈ, ਸੁਪਰੀਮ ਕੋਰਟ ਵਿੱਚ ਸੁਣਵਾਈ ਦਾ ਦੌਰ ਜਾਰੀ ਹੈ, ਪਰ ਲੱਖਾਂ ਕਿਸਾਨਾਂ ਦਾ ਝੋਨਾ 1822 ਪੱਕੀਆਂ ਮੰਡੀਆਂ ਅਤੇ 700 ਆਰਜੀ ਖਰੀਦ ਕੇਂਦਰਾਂ ਵਿੱਚ ਇੱਕ ਅਕਤੂਬਰ ਤੋਂ ਆਮਦ ਨੂੰ ਖਰੀਦਣ ਦੇ 4 ਪੰਜਾਬ ਦੀਆਂ ਏਜੰਸੀਆਂ ਪਨਗਰੇਨ, ਪਨਸਪ, ਮਾਰਕਫੈਡ ਅਤੇ ਵੇਅਰ ਹਾਊਸਿੰਗ ਨੇ ਇੰਤਜ਼ਾਮ ਕਰ ਲਏ ਹਨ। ਸੀਨੀਅਰ ਅਧਿਕਾਰੀ ਨੇ ਇਹ ਵੀ ਦੱਸਿਆ ਕਿ ਪੰਜਾਬ ਦੇ ਵਿੱਤ ਵਿਭਾਗ ਨੇ 2461 ਰੁਪਏ ਪ੍ਰਤੀ ਕੁਇੰਟਲ ਦੇ ਰੇਟ ਨਾਲ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕਰਨ ਵਾਸਤੇ ਕੇਂਦਰ ਦੇ ਵਿੱਤ ਮਹਿਕਮੇ ਰਾਹੀਂ ਰਿਜ਼ਰਵ ਬੈਂਕ ਨੂੰ 52000 ਕਰੋੜ ਦੀ ਕੈਸ਼ ਕ੍ਰੈਡਿਟ ਲਿਮਟ ਜਾਰੀ ਕਰਨ ਲਈ ਲਿਖ ਦਿੱਤਾ ਹੈ। ਇਹ ਰਾਸ਼ੀ ਕੁਝ ਦਿਨਾਂ ਤੱਕ ਮਨਜ਼ੂਰ ਹੋ ਕੇ ਮਿਲ ਜਾਵੇਗੀ। ਬਾਰਦਾਨੇ ਦੀ ਤਿਆਰੀ ਸੰਬੰਧੀ ਉਨ੍ਹਾਂ ਕਿਹਾ ਕਿ 5 ਲੱਖ 6 ਹਜ਼ਾਰ ਵੱਡੀਆਂ ਗੰਢਾਂ ਜਿਸ ਵਿੱਚ ਇੱਕ ਗੰਢ 500 ਬੋਰੇ ਹੁੰਦੇ ਹਨ, ਦਾ ਇੰਤਜ਼ਾਮ ਪੱਛਮੀ ਬੰਗਾਲ ਤੋਂ ਕੀਤਾ ਹੈ ਅਤੇ 2,90,000 ਗੰਢਾਂ ਪੰਜਾਬ ਵਿੱਚ ਪਹੁੰਚ ਚੁੱਕੀਆਂ ਹਨ, 1,53,000 ਹੋਰ ਰੇਲ ਰਾਹੀਂ ਆਉਂਦੇ ਦਿਨਾਂ ਵਿੱਚ ਮਿਲ ਜਾਣਗੀਆਂ ਅਤੇ ਬਾਕੀ ਦਾ 2 ਹਫਤੇ ਵਿੱਚ ਪ੍ਰਬੰਧ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਕੁੱਲ 180 ਲੱਖ ਟਨ ਝੋਨਾ ਖਰੀਦ ਦੇ ਟੀਚੇ ਵਿੱਚੋਂ ਸਭ ਤੋਂ ਵੱਧ 34 ਫੀਸਦੀ ਪਨਗਰੇਨ, 26 ਫੀਸਦੀ ਮਾਰਕਫੈਡ, 22 ਫੀਸਦੀ ਪਨਸਪ, 13 ਵੇਅਰ ਹਾਊਸਿੰਗ ਅਤੇ ਕੇਵਲ 5 ਫੀਸਦੀ ਐਫ. ਸੀ. ਆਈ. ਖਰੀਦੇਗੀ।

# ਸਾਉਣੀ ਦੀਆਂ ਫ਼ਸਲਾਂ ਤੋਂ ਵਧੇਰੇ ਝਾੜ ਲੈਣ ਲਈ ਗੰਧਕ ਦੀ ਘਾਟ ਦੀ ਪੂਰਤੀ

ਡਾ. ਅਮਨਦੀਪ ਚੀਮਾ,
ਸਹਾਇਕ ਪ੍ਰੋਫੈਸਰ, ਖੇਤੀਬਾੜੀ ਵਿਭਾਗ,
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ
(ਮੋ. 98762-47092)

ਪੰਜਾਬ ਵਿੱਚ ਖਾਸ ਕਰਕੇ ਰੇਤਲੀਆਂ ਅਤੇ ਹਲਕੀਆਂ ਜ਼ਮੀਨਾਂ ਵਿੱਚ 15-20% ਪ੍ਰਤੀਸ਼ਤ ਗੰਧਕ ਦੀ ਘਾਟ ਦੇਖੀ ਗਈ ਹੈ, ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਚੰਗਾ ਅਤੇ ਮਿਆਰੀ ਝਾੜ ਲੈਣ ਲਈ ਫ਼ਸਲਾਂ ਦੀ ਗੰਧਕ ਦੀ ਲੋੜ ਦੀ ਪੂਰਤੀ ਕੀਤੀ ਜਾਵੇ। ਗੰਧਕ ਦੀ ਘਾਟ ਦੀਆਂ ਨਿਸ਼ਾਨੀਆਂ ਇਹ ਹਨ :




1. ਸਭ ਤੋਂ ਵਧੀਆ ਅਤੇ ਲਾਹੇਵੰਦ ਤਰੀਕਾ ਤਾਂ ਇਹ ਹੈ ਕਿ ਫ਼ਸਲ ਬੀਜਣ ਤੋਂ ਪਹਿਲਾਂ ਖੇਤ ਦੀ ਮਿੱਟੀ ਦੀ ਪਰਖ ਕਰਵਾਈ ਜਾਵੇ।

2. ਜੇਕਰ ਪਰਖ ਦੇ ਅਧਾਰ 'ਤੇ ਮਿੱਟੀ ਵਿੱਚ ਗੰਧਕ ਦੀ ਘਾਟ ਹੋਵੇ ਤਾਂ ਗੰਧਕ ਦੀ ਖਾਦ ਨੂੰ ਸਿਫ਼ਾਰਸ਼ ਮੁਤਾਬਕ ਫ਼ਸਲ ਦੀ ਬਿਜਾਈ ਵੇਲੇ ਪਾ ਦਿੱਤਾ ਜਾਵੇ।

3. ਗੰਧਕ ਦੀ ਘਾਟ ਨਾਈਟਰੋਜਨ ਤੋਂ ਉਲਟ ਸਭ ਤੋਂ ਪਹਿਲਾਂ ਨਵੇਂ ਪੱਤਿਆਂ 'ਤੇ ਦਿਖਾਈ ਦਿੰਦੀ ਹੈ। ਪੱਤੇ ਪਹਿਲਾਂ ਹਲਕੇ ਹਰੇ ਰੰਗ ਦੇ ਅਤੇ ਫਿਰ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਪੱਤੇ ਦੀ ਨੋਕ ਕੁਝ-ਕੁਝ ਹਰੀ ਰਹਿੰਦੀ ਹੈ।

4. ਘਾਟ ਜ਼ਿਆਦਾ ਹੋਣ ਦੀ ਹਾਲਤ ਵਿੱਚ ਸਾਰੇ ਪੱਤੇ ਪੀਲੇ ਹੋ ਜਾਂਦੇ ਹਨ ਬੂਟਿਆਂ ਦਾ ਵਿਕਾਸ ਰੁਕ ਜਾਂਦਾ ਹੈ।

5. ਫਲੀਦਾਰ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਗੱਡਾ ਘੱਟ ਬਣਦੀਆਂ ਹਨ ਅਤੇ ਪੌਦਾ ਹਵਾ ਵਿੱਚੋਂ ਘੱਟ ਨਾਈਟਰੋਜਨ ਲੈਂਦਾ ਹੈ।


ਮੂੰਗਫਲੀ ਦੇ ਖੇਤਾਂ ਵਿੱਚ ਗੰਧਕ ਦੀ ਘਾਟ

**ਗੰਧਕ ਦੀ ਘਾਟ ਦੀ ਪੂਰਤੀ :** ਗੰਧਕ ਘਾਟ ਦੀ ਪੂਰਤੀ ਲਈ ਗੰਧਕ ਵਾਲੀਆਂ ਖਾਦਾਂ : ਅਮੋਨੀਅਮ ਸਲਫੇਟ (24%), ਜਿਪਸਮ (13-18%), ਸਿੰਗਲ ਸੁਪਰਫਾਸਫੇਟ (12%), ਪੋਟੈਸ਼ੀਅਮ ਸਲਫੇਟ (18%), ਆਇਰਨ ਪਾਇਰਾਈਟਸ (18-22%), ਐਲੀਮੈਂਟਲ ਸਲਫਰ (85-100%) ਵਿੱਚੋਂ ਕਿਸੇ ਵੀ ਖਾਦ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਗੰਧਕ ਤੱਤ ਦਾ ਫ਼ਸਲਾਂ 'ਤੇ ਅਸਰ :** ਗੰਧਕ ਤੱਤ ਦੀ ਵਰਤੋਂ ਨਾਲ ਫ਼ਸਲਾਂ ਦੀ ਉਪਜ ਅਤੇ ਮੁਨਾਫਾ ਦੋਵੇਂ ਵੱਧ ਜਾਂਦੇ ਹਨ। ਗੰਧਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 20-30 ਕਿਲੋਗ੍ਰਾਮ ਗੰਧਕ ਪ੍ਰਤੀ ਹੈਕਟੇਅਰ ਦੀ ਵਰਤੋਂ ਨਾਲ ਪੈਦਾਵਾਰ ਵਿੱਚ ਮਹੱਤਵਪੂਰਨ ਵਾਧਾ ਵੇਖਣ ਨੂੰ ਮਿਲਿਆ ਹੈ। ਸਾਉਣੀ ਦੀਆਂ ਦਾਲਾਂ, ਜਿਵੇਂ ਕਿ ਮਾਂਹ, ਮੂੰਗੀ ਅਤੇ ਅਰਹਰ ਵਿੱਚ ਲਗਭਗ 12-18 ਪ੍ਰਤੀਸ਼ਤ ਤੱਕ ਪੈਦਾਵਾਰ ਵਿੱਚ ਵਾਧਾ ਹੋ ਸਕਦਾ ਹੈ। ਇਸੇ ਤਰ੍ਹਾਂ ਸਾਉਣੀ ਦੀਆਂ ਤੇਲਬੀਜ ਫ਼ਸਲਾਂ, ਜਿਵੇਂ ਕਿ ਮੂੰਗਫਲੀ ਅਤੇ ਤਿਲ ਵਿੱਚ 15-20 ਪ੍ਰਤੀਸ਼ਤ ਤੱਕ ਪੈਦਾਵਾਰ ਵਿੱਚ ਵਾਧਾ ਹੋਣ ਦੀ ਸੰਭਾਵਨਾ ਰਹਿੰਦੀ ਹੈ। ਇਹ ਗੱਲ ਵਰਣਨਯੋਗ ਹੈ ਕਿ ਜਿੰਨਾਂ ਖੇਤਾਂ ਵਿੱਚ ਫਾਸਫੋਰਸ ਲਈ ਸਿੰਗਲ ਸੁਪਰਫਾਸਫੇਟ ਦੀ ਵਰਤੋਂ ਕੀਤੀ ਗਈ ਹੋਵੇ, ਉੱਥੇ ਦੂਸਰੀ ਗੰਧਕ ਦੀ ਖਾਦ ਦੀ ਮਾਤਰਾ ਘੱਟਾ ਦੇਣੀ ਚਾਹੀਦੀ ਹੈ। ਉਦਾਹਰਣ ਦੇ ਤੌਰ 'ਤੇ ਜੇਕਰ 20 ਕਿਲੋ ਫਾਸਫੋਰਸ ਤੱਤ ਲਈ ਸਿੰਗਲ ਸੁਪਰਫਾਸਫੇਟ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਖਾਦ 15 ਕਿਲੋ ਗੰਧਕ ਤੱਤ ਦੀ ਪੂਰਤੀ ਕਰ ਦਿੰਦੀ ਹੈ। ਜਦੋਂ ਯੂਰੀਆ ਅਤੇ ਡਾਇਆ ਵਰਤਣੀ ਹੋਵੇ ਤਾਂ ਗੰਧਕ ਦੀ ਕਮੀ, ਜਿਪਸਮ ਦੁਆਰਾ ਪੂਰੀ ਕੀਤੀ ਜਾ ਸਕਦੀ ਹੈ।




## ਖਰੀਫ ਰੁੱਤ ਦੀ ਮੱਕੀ ਲਈ ਵਿਭਾਗ ਦੇ ਯਤਨਾਂ ਨੂੰ ਨਹੀਂ ਪਿਆ ਬੂਰ, ਸਿਰਫ 44 ਫੀਸਦੀ ਰਕਬੇ ਵਿੱਚ ਹੋਈ ਬਿਜਾਈ

### 17 ਜ਼ਿਲ੍ਹਿਆਂ ਲਈ ਨਿਰਧਾਰਿਤ 50,000 ਰਕਬੇ ਵਿੱਚੋਂ 22180 ਏਕੜ ਵਿੱਚ ਕਿਸਾਨਾਂ ਨੇ ਬੀਜੀ ਮੱਕੀ

ਜ਼ਮੀਨੀ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਨਾਲ ਪੈਦਾ ਹੋਣ ਵਾਲੇ ਸੰਕਟ ਨਾਲ ਨਜਿੱਠਣ ਲਈ ਅਤੇ ਸੂਬੇ ਵਿੱਚ ਝੋਨੇ ਹੇਠਲਾ ਰਕਬਾ ਘਟਾਉਣ ਦੇ ਉਦੇਸ਼ ਨਾਲ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਖਰੀਫ ਰੁੱਤ ਦੀ ਮੱਕੀ ਦੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਗਏ ਯਤਨਾਂ ਨੂੰ ਬੂਰ ਨਹੀਂ ਪਿਆ ਹੈ।



ਹਾਲਾਂਕਿ, ਵਿਭਾਗ ਵੱਲੋਂ ਮੱਕੀ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 17,500 ਰੁਪਏ ਪ੍ਰਤੀ ਹੈਕਟੇਅਰ ਸਬਸਿਡੀ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ ਫਿਰ ਬਹੁਤੇ ਕਿਸਾਨਾਂ ਨੇ ਮੱਕੀ ਦੀ ਬਿਜਾਈ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਪੰਜਾਬ ਸਰਕਾਰ ਅਤੇ ਵਿਭਾਗ ਵੱਲੋਂ ਮੌਜੂਦਾ ਖਰੀਫ ਸੀਜ਼ਨ ਦੌਰਾਨ ਸੂਬੇ ਦੇ 17 ਜ਼ਿਲ੍ਹਿਆਂ ਵਿਚ ਮੱਕੀ ਦੀ ਬਿਜਾਈ ਲਈ 50,000 ਏਕੜ ਰਕਬੇ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਸੀ। ਵਿਭਾਗੀ ਅਧਿਕਾਰੀਆਂ ਨੇ ਬੀਤੇ ਦੋ ਮਹੀਨਿਆਂ ਦੌਰਾਨ ਆਪੋ-ਆਪਣੇ ਬਲਾਕਾਂ ਵਿੱਚ ਕੈਂਪ, ਸੈਮੀਨਾਰ ਅਤੇ ਕਿਸਾਨਾਂ ਨਾਲ ਵਿਅਕਤੀਗਤ ਤੌਰ 'ਤੇ ਮੁਲਾਕਾਤਾਂ ਕਰਕੇ ਮੱਕੀ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ। ਇਨ੍ਹਾਂ ਸਾਰੇ ਯਤਨਾਂ ਦੇ ਬਾਵਜੂਦ ਸੂਬੇ ਦੇ ਕਿਸਾਨਾਂ ਨੇ ਖਰੀਫ ਰੁੱਤ ਦੀ ਮੱਕੀ ਬੀਜਣ ਲਈ ਬਹੁਤਾ ਉਤਸ਼ਾਹ ਨਹੀਂ ਦਿਖਾਇਆ, ਜਿਸ ਕਾਰਨ ਸੂਬੇ ਅੰਦਰ ਨਿਰਧਾਰਿਤ ਟੀਚੇ ਵਿੱਚੋਂ ਸਿਰਫ 44 ਫੀਸਦੀ ਰਕਬੇ ਵਿੱਚ ਹੀ ਮੱਕੀ ਦੀ ਬਿਜਾਈ ਹੋ ਸਕੀ। ਜਾਣਕਾਰੀ ਮੁਤਾਬਕ ਵਿਭਾਗ ਦੇ ਪੋਰਟਲ 'ਤੇ 17 ਜ਼ਿਲ੍ਹਿਆਂ ਵਿੱਚੋਂ 11,993 ਕਿਸਾਨਾਂ ਵੱਲੋਂ ਕੀਤੀ ਗਈ ਰਕਬੇ ਸੰਬੰਧੀ ਕੀਤੀ ਗਈ ਰਜਿਸਟ੍ਰੇਸ਼ਨ ਮੁਤਾਬਕ ਸੂਬੇ ਵਿੱਚ 22180 ਏਕੜ ਰਕਬੇ ਵਿੱਚ ਮੱਕੀ ਦੀ ਬਿਜਾਈ ਹੋਈ ਹੈ। ਮੱਕੀ ਦੇ ਨੋਡਲ ਅਫਸਰ ਏ. ਐਮ. ਡੀ. ਓ. ਸੁਰਿੰਦਰਪਾਲ ਸਿੰਘ ਜੋਸ਼ਨ ਦਾ ਕਹਿਣਾ ਹੈ ਕਿ ਮੱਕੀ ਦੀ ਸੂਬੇ ਅੰਦਰ ਕਾਫ਼ੀ ਮੰਗ ਹੈ ਅਤੇ ਮੱਕੀ ਤੋਂ ਈਥੇਨੋਲ ਅਤੇ ਹੋਰ ਵੱਖ-ਵੱਖ ਉਤਪਾਦ ਤਿਆਰ ਕਰਨ ਵਾਲੇ ਕਾਰੋਬਾਰੀਆਂ ਨੂੰ ਦੂਜੇ ਸੂਬਿਆਂ ਤੋਂ ਮੰਗਵਾਉਣੀ ਪੈਂਦੀ ਹੈ। ਮੱਕੀ ਦੀ ਬਿਜਾਈ ਪ੍ਰਤੀ ਕਿਸਾਨਾਂ ਵੱਲੋਂ ਬਹੁਤ ਘੱਟ ਰੁਚੀ ਦਿਖਾਏ ਜਾਣ ਬਾਰੇ ਕਿਸਾਨ ਆਗੂ ਮੁਕੇਸ਼ ਚੰਦਰ ਰਾਣੀਭੱਟੀ ਦਾ ਕਹਿਣਾ ਹੈ ਕਿ ਖਰੀਫ ਰੁੱਤ ਦੀ ਮੱਕੀ ਵੱਲ ਕਿਸਾਨਾਂ ਦਾ ਰੁਝਾਨ ਘੱਟ ਹੋਣ ਦਾ ਮੁੱਖ ਕਾਰਨ ਇਸ ਦੀ ਐਮ. ਐਸ. ਪੀ. ਨਾ ਮਿਲਣਾ ਹੈ, ਜਿਸ ਕਾਰਨ ਮੱਕੀ ਦੀ ਬਿਜਾਈ ਕਰਕੇ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੇ।

### ਬਸੰਤ ਰੁੱਤ ਦੀ ਮੱਕੀ ਪ੍ਰਤੀ ਕਿਸਾਨਾਂ ਵਿੱਚ ਵਧੇਰੇ ਉਤਸ਼ਾਹ

ਜਿੱਥੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਕਿਸਾਨਾਂ ਨੂੰ ਖਰੀਫ ਰੁੱਤ ਦੀ ਮੱਕੀ ਬੀਜਣ ਲਈ ਉਤਸ਼ਾਹਿਤ ਕਰ ਰਿਹਾ ਹੈ ਅਤੇ ਸਬਸਿਡੀ ਵੀ ਦੇ ਰਿਹਾ ਹੈ, ਉੱਥੇ ਹੀ ਕਿਸਾਨਾਂ ਵਿੱਚ ਬਸੰਤ ਰੁੱਤ ਦੀ ਮੱਕੀ ਪ੍ਰਤੀ ਉਤਸ਼ਾਹ ਵਧੇਰੇ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਸੰਤ ਰੁੱਤ ਦੀ ਮੱਕੀ ਦਾ ਝਾੜ ਖਰੀਫ ਰੁੱਤ ਦੇ ਮੁਕਾਬਲੇ ਬਹੁਤ ਜ਼ਿਆਦਾ ਨਿਕਲਦਾ ਹੈ ਅਤੇ ਇੱਕ ਸਾਲ ਵਿੱਚ ਤਿੰਨ ਫ਼ਸਲਾਂ ਬੀਜਣ ਵਾਲੇ ਕਿਸਾਨਾਂ ਲਈ ਇਹ ਬਹੁਤ ਲਾਹੇਵੰਦ ਸਾਬਤ ਹੁੰਦੀ ਹੈ। ਇਹੀ ਕਾਰਨ ਹੈ ਕਿ ਆਲੂ ਦੀ ਬਿਜਾਈ ਵਾਲੇ ਖੇਤਰ ਵਿੱਚ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਵਧੇਰੇ ਕੀਤੀ ਜਾਂਦੀ ਹੈ। ਆਲੂ ਦੀ ਬਿਜਾਈ ਵਾਲੇ ਖੇਤਰਾਂ ਵਿੱਚ ਕਿਸਾਨਾਂ ਵੱਲੋਂ ਜਨਵਰੀ-ਫਰਵਰੀ ਵਿੱਚ ਆਲੂ ਦੀ ਪੁਟਾਈ ਕਰਕੇ ਬਸੰਤ ਰੁੱਤ ਦੀ ਮੱਕੀ ਬੀਜ ਦਿੱਤੀ ਜਾਂਦੀ ਹੈ ਅਤੇ ਜੂਨ ਵਿੱਚ ਇਸ ਦੀ ਕਟਾਈ ਕਰਕੇ ਝੋਨਾ ਬੀਜਿਆ ਜਾਂਦਾ ਹੈ। ਹਾਲਾਂਕਿ, ਖੇਤੀਬਾੜੀ ਵਿਭਾਗ ਇਸ ਦੀ ਸਿਫਾਰਿਸ਼ ਨਹੀਂ ਕਰਦਾ, ਕਿਉਂਕਿ ਇਸ ਸੀਜ਼ਨ ਦੀ ਮੱਕੀ ਝੋਨੇ ਨਾਲੋਂ ਵੀ ਵਧੇਰੇ ਪਾਣੀ ਲੈਂਦੀ ਹੈ।